




ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com ਐਤਵਾਰ, 13 ਅਗਸਤ 2023 ਮੁੱਖ ਸੰਪਾਦਕ - ਅਮਨ ਮਹਿਰਾ (ਜਲੰਧਰ)








R.N.I. Punpun/29016/2008 ☆ ਸਾਲ : 15 ☆ ਅੰਕ : 157 ☆ ਮੁੱਲ : 5.00 ਰੁਪਏ ☆ ਕੁੱਲ ਪੇਜ਼ : 9 ☆ ਫੈਕਸ : 0181-2211009 ☆ M. 99155-94111


## ਰੂਸ ਖਿਲਾਫ਼ ਯੂਕ੍ਰੇਨ ਲਈ ਜੰਗ ਦੇ ਮੈਦਾਨ ’ਚ ਲੜ ਰਹੇ 3 ਭਾਰਤੀ ਵਿਦਿਆਰਥੀ

**• ਨਵੀਂ ਦਿੱਲੀ**

ਜ਼ਿੰਦਗੀ ਵੀ ਬਹੁਤ ਅਜੀਬ ਹੈ। ਪਤਾ ਨਹੀਂ ਕਦੋਂ ਉਹ ਕਿਸੇ ਦੇ ਹੱਥੋਂ ਕਿਤਾਬ ਖੋਹ ਕੇ ਉਸ ਦੇ ਹੱਥ ’ਚ ਬੰਦੂਕ ਫੜਾ ਦਿੰਦੀ ਹੈ। ਇਨ੍ਹੀਂ ਦਿਨੀਂ 3 ਭਾਰਤੀ ਮੂਲ ਦੇ ਨੌਜਵਾਨਾਂ ਦੀ ਵੀ ਇਹੀ ਹਾਲਤ ਹੈ। ਉਹ ਪੜ੍ਹਾਈ ਲਈ ਵਿਦੇਸ਼ੀ ਧਰਤੀ (ਯੂਕ੍ਰੇਨ) ਗਏ ਸੀ ਪਰ ਹੁਣ ਫ਼ੌਜੀ ਵਜੋਂ ਰੂਸ ਖਿਲਾਫ਼ ਹਥਿਆਰਾਂ ਨਾਲ ਖੜ੍ਹੇ ਹਨ। ਤੁਹਾਨੂੰ ਦੱਸ ਦੇਈਏ ਕਿ ਵਲਾਦੀਮੀਰ ਪੁਤਿਨ ਦੀ ਫੌਜ ਦੇ ਖਿਲਾਫ਼ ਖੜ੍ਹੇ ਹੋਏ ਯੂਕ੍ਰੇਨ ਦੇ ਫੌਜੀਆਂ ’ਚ ਸ਼ਾਮਲ 3 ਭਾਰਤੀ ਨੌਜਵਾਨ ਰੂਸ ਦੇ ਕਬਜ਼ੇ ਵਾਲੇ ਬਖਮੁਤ ਦੇ ਆਲੇ-ਦੁਆਲੇ ਕਿਸੇ ਮੋਰਚੇ ’ਤੇ ਤਾਇਨਾਤ ਹਨ। ਇਨ੍ਹਾਂ ’ਚੋਂ ਇਕ ਮੱਧ ਪ੍ਰਦੇਸ਼ ਅਤੇ ਦੂਜਾ ਹਰਿਆਣਾ ਦਾ ਹੈ। ‘ਦਿ ਵੀਕ’ ਨਾਲ ਇਕ ਇੰਟਰਵਿਊ ਦੌਰਾਨ ਮੱਧ ਪ੍ਰਦੇਸ਼ ਦੇ ਯੂਕ੍ਰੇਨੀ ਸਿਪਾਹੀ ਐਂਡਰੀ (ਚਿਹਰਾ ਢਕਿਆ ਹੋਇਆ) ਨੇ ਕਿਹਾ ਕਿ ਉਹ 2022 ਵਿਚ ਯੂਕ੍ਰੇਨੀ ਫੌਜ ਵਿਚ ਭਰਤੀ ਹੋਏ ਸੀ। (ਹਰਿਆਣਾ ਮੂਲ ਦੇ ਉਸ ਦੇ ਇਕ ਸਾਥੀ ਨਵੀਨ ਵੱਲੋਂ ਦਿੱਤੀ ਜਾਣਕਾਰੀ ਦੇ ਆਧਾਰ ’ਤੇ) ਦੋਵੇਂ ਯੂਕ੍ਰੇਨ ਗਏ ਸਨ। ਬਾਅਦ ਵਿਚ ਉਨ੍ਹਾਂ ਨੇ ਯੂਕ੍ਰੇਨੀ ਔਰਤਾਂ ਨਾਲ ਵਿਆਹ ਕਰਵਾ ਲਿਆ ਅਤੇ ਜਨਵਰੀ 2023 ਵਿਚ ਫ਼ੌਜ ’ਚ ਭਰਤੀ ਹੋ ਗਏ।



## ਪੁਲਿਸ ਦੇ ਥਾਣੇਦਾਰ ਨੇ ਕੀਤਾ ਅਨੋਖਾ ਕੰਮ

**• ਝਾਂਸੀ**

ਉੱਤਰ ਪ੍ਰਦੇਸ਼ ਸਮੇਤ ਪੂਰੇ ਦੇਸ਼ ਵਿੱਚ ਭੂ-ਮਾਫੀਆ ਅਤੇ ਨਜਾਇਜ਼ ਕਬਜ਼ਿਆਂ ਖ਼?ਲਾਫ਼ ’ਬਾਬਾ ਕਾ ਬੁਲਡੋਜ਼ਰ’ ਸਭ ਤੋਂ ਵੱਡੇ ਹਥਿਆਰ ਦਾ ਪ੍ਰਤੀਕ ਬਣ ਗਿਆ ਹੈ। ਪਰ ਬੀਤੇ ਦਿਨ ਝਾਂਸੀ ’ਚ ਕੁਝ ਅਜਿਹੀ ਹੀ ਘਟਨਾ ਵਾਪਰੀ ਜਿਸ ਨੂੰ ਦੇਖ ਕੇ ਹਰ ਕੋਈ ਹੈਰਾਨ ਰਹਿ ਗਿਆ। ਅਸਲ ਵਿਚ ਅਕਸਰ ਦੇਖਿਆ ਜਾਂਦਾ ਹੈ ਕਿ ਭੂ-ਮਾਫੀਆ ਦੇ ਮਨਸੂਬਿਆਂ ਨੂੰ ਨਸ਼ਟ ਕਰਨ ਲਈ ਪੁਲਸ ਨਾਜਾਇਜ਼ ਕਬਜ਼ਿਆਂ ’ਤੇ ਬੁਲਡੋਜ਼ਰ ਚਲਾ ਦਿੰਦੀ ਹੈ। ਜਾਣਕਾਰੀ ਮੁਤਾਬਕ ਸਾਰਾ ਮਾਮਲਾ ਝਾਂਸੀ ਦੇ ਬਬੀਨਾ ਥਾਣਾ ਦਾ ਦੱਸਿਆ ਜਾ ਰਿਹਾ ਹੈ। ਜਿੱਥੇ ਸੋਸ਼ਲ ਮੀਡੀਆ ’ਤੇ ਅਜਿਹੀ ਹੀ ਇੱਕ ਵੀਡੀਓ ਵਾਇਰਲ ਹੋ ਰਹੀ ਹੈ, ਜਿਸ ’ਚ ਥਾਣੇ ਦੀ ਜ਼ਮੀਨ ਦਾ ਕੇਸ ਜਿੱਤਣ ਤੋਂ ਬਾਅਦ ਥਾਣਾ ਮੁਖੀ ਨੇ ਆਪਣੇ ਥਾਣੇ ਦੀ ਜ਼ਮੀਨ ਨੂੰ ਪੱਧਰਾ ਕਰਨ ਲਈ ਬੁਲਡੋਜ਼ਰ ਲਗਾ ਕੇ ਪੂਜਾ ਕੀਤੀ, ਬੁਲਡੋਜ਼ਰ ਦੀ ਤਾਜਪੋਸ਼ੀ ਕੀਤੀ, ਜਿਸ ਤੋਂ ਬਾਅਦ ਜ਼ਮੀਨ ਦੀ ਲੈਵਲਿੰਗ ਲਈ ਪੁਲਿਸ ਸਟੇਸ਼ਨ ਵਿਚ ਬੁਲਡੋਜ਼ਰ ਦੀ ਵਰਤੋਂ ਕੀਤੀ ਗਈ ਬਬੀਨਾ ਥਾਣੇ ਦੀ ਹਦੂਦ ਅੰਦਰ ਕਾਫੀ ਜ਼ਮੀਨ ਸੀ, ਜਿਸ ’ਤੇ ਲੋਕ ਸਾਂਝਾ ਰਸਤਾ ਪੁੱਛ ਰਹੇ ਸਨ। ਪੁਲੀਸ ਵਿਭਾਗ ਨੇ ਇਸ ਮਾਮਲੇ ਵਿੱਚ ਕੇਸ ਦਰਜ ਕੀਤਾ ਸੀ, ਜਿਸ ਦਾ ਕੇਸ ਅਦਾਲਤ ਵਿੱਚ ਵੀ ਚੱਲਿਆ ਸੀ। ਲੰਬਾ ਸਮਾਂ ਅਦਾਲਤ ਵਿੱਚ ਚੱਲਣ ਤੋਂ ਬਾਅਦ ਫੈਸਲਾ ਥਾਣਾ ਬਬੀਨਾ ਦੀ ਪੁਲੀਸ ਦੇ ਹੱਕ ਵਿੱਚ ਆਇਆ। ਇਸ ਤੋਂ ਪਹਿਲਾਂ ਥਾਣਾ ਬਬੀਨਾ ਦੀ ਪੁਲੀਸ ਦਾ ਅਕਸਰ ਹੀ ਸੜਕ ਨੂੰ ਲੈ ਕੇ ਆਮ ਲੋਕਾਂ ਨਾਲ ਝਗੜਾ ਹੁੰਦਾ ਰਹਿੰਦਾ ਸੀ। ਜਿਵੇਂ ਹੀ ਅਦਾਲਤ ਦਾ ਫੈਸਲਾ ਥਾਣਾ ਬਬੀਨਾ ਦੀ ਪੁਲੀਸ ਦੇ ਹੱਕ ਵਿੱਚ ਆਇਆ ਤਾਂ ਥਾਣਾ ਸਦਰ ਦੇ ਪ੍ਰਧਾਨ ਰਣਵਿਜੇ ਸਿੰਘ ਨੇ ਪੀਐਸਸੀ ਫੋਰਸ ਦੀ ਹਾਜ਼ਰੀ ਵਿੱਚ ਬੁਲਡੋਜ਼ਰ ਚਲਾਉਣ ਦਾ ਹੁਕਮ ਦਿੱਤਾ ਅਤੇ ਪਹਿਲਾਂ ਬੁਲਡੋਜ਼ਰ ਦਾ ਤਿਲਕ ਲਾਇਆ। ਇਸ ਉਪਰੰਤ ਭੂਮੀ ਪੂਜਨ ਕੀਤਾ ਗਿਆ। ਰੋਡ ’ਤੇ ਥਾਣੇ ਦੇ ਅੰਦਰ ਬੈਰਕਾਂ ਬਣਾਉਣ ਦਾ ਕੰਮ ਸ਼ੁਰੂ ਹੋ ਗਿਆ, ਜਿਸ ’ਤੇ ਆਮ ਲੋਕਾਂ ਦਾ ਦਾਅਵਾ ਸੀ।



## ਭਾਰਤ ਪਹੁਚੀ ਬੇਲਾਰੂਸ ਤੋ ਪਹਿਲੀ ਸਿੱਧੀ ਉਡਾਣ




**• ਦਿੱਲੀ/ਕਪੂਰ**

ਬੇਲਾਰੂਸ ਤੋਂ ਪਹਿਲੀ ਸਿੱਧੀ ਉਡਾਣ, ਬੇਲਾਰੂਸੀਅਨ ਏਅਰਲਾਈਨ ਬੇਲਾਵੀਆ, ਆਖਰਕਾਰ ਭਾਰਤ ਪਹੁੰਚ ਗਈ । ਬੇਲਾਰੂਸ ਗਣਰਾਜ ਦੇ ਵਿਦੇਸ਼ ਮਾਮਲਿਆਂ ਦੇ ਮੰਤਰਾਲੇ ਨੇ ਇਕ ਵੀਡੀਓ ਸਾਂਝਾ ਕੀਤਾ, ਜਿਸ ਵਿਚ ਭਾਰਤ ਅਤੇ ਭਾਰਤ ਵਿਚ ਬੇਲਾਰੂਸ ਦੇ ਰਾਜਦੂਤ, ਆਂਦਰੇਈ ਰਜ਼ੇਉਸਕੀ, ਭਾਰਤ ਵਿਚ ਪਹੁੰਚਣ ਵਾਲੀ ਇਕ ਉਡਾਣ ਦਾ ਰਿਬਨ ਖੋਲ੍ਹਦਾ ਨਜ਼ਰ ਆ ਰਿਹਾ ਹੈ ।

## ਕੱਕੜ ਬਣੇ ਪਾਕਿਸਤਾਨ ਦੇ ਕਾਰਜਕਾਰੀ ਪ੍ਰਧਾਨ ਮੰਤਰੀ

**• ਇਸਲਾਮਾਬਾਦ**



ਜੀਓ ਨਿਊਜ਼ ਨੇ ਵਿਰੋਧੀ ਧਿਰ ਦੇ ਨੇਤਾ ਰਾਜਾ ਰਿਆਜ਼ ਅਤੇ ਪ੍ਰਧਾਨ ਮੰਤਰੀ ਦਫ਼ਤਰ ਦੇ ਹਵਾਲੇ ਨਾਲ ਦੱਸਿਆ ਕਿ ਸੈਨੇਟਰ ਅਨਵਰ-ਉਲ-ਹੱਕ ਕੱਕੜ ਨੂੰ ਪਾਕਿਸਤਾਨ ਦੇ ਕਾਰਜਕਾਰੀ ਪ੍ਰਧਾਨ ਮੰਤਰੀ ਵਜੋਂ ਚੁਣਿਆ ਗਿਆ ਹੈ। ਕਾਫ਼ੀ ਵਿਚਾਰ-ਵਟਾਂਦਰੇ ਤੋਂ ਬਾਅਦ, ਆਖਰਕਾਰ, ਪਾਕਿਸਤਾਨ ਨੇ ਫ਼ੈਸਲਾ ਕੀਤਾ ਕਿ ਬਲੋਚਿਸਤਾਨ ਦੇ ਇਕ ਸੰਸਦ ਮੈਂਬਰ ਸੈਨੇਟਰ ਕੱਕੜ ਨੂੰ ਇਹ ਅਹੁਦਾ ਦਿੱਤਾ ਜਾਵੇ। ਮੀਟਿੰਗ ਤੋਂ ਬਾਅਦ ਮੀਡੀਆ ਨਾਲ ਗੱਲ ਕਰਦੇ ਹੋਏ ਰਿਆਜ਼ ਨੇ ਕਿਹਾ ਕਿ ਅਸੀਂ ਫ਼ੈਸਲਾ ਕੀਤਾ ਹੈ ਕਿ ਅੰਤਰਿਮ ਪ੍ਰਧਾਨ ਮੰਤਰੀ ਛੋਟੇ ਸੂਬੇ ਤੋਂ ਹੋਵੇਗਾ। ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਵਲੋਂ ਸੰਸਦ ਦੇ ਹੇਠਲੇ ਸਦਨ ਨੂੰ ਭੰਗ ਕਰਨ ਲਈ ਉਨ੍ਹਾਂ ਨੂੰ ਇਕ ਸਾਰ ਭੇਜੇ ਜਾਣ ਤੋਂ ਬਾਅਦ ਰਾਸ਼ਟਰਪਤੀ ਆਰਿਫ਼ ਅਲਵੀ ਨੇ ਬੁੱਧਵਾਰ ਰਾਤ ਨੂੰ ਨੈਸ਼ਨਲ ਅਸੈਂਬਲੀ ਨੂੰ ਭੰਗ ਕਰਨ ਦੀ ਮਨਜ਼ੂਰੀ ਦੇਣ ਤੋਂ ਬਾਅਦ ਇਹ ਫ਼ੈਸਲਾ ਲਿਆ ਹੈ।

## ਗੈਰ ਜਮਾਨਤੀ ਵਰੰਟ ਜਾਰੀ ਹੋਏ ਆਪ ਦੇ ਵਿਧਾਇਕ ਸ਼ੀਤਲ ਅੰਗੁਰਾਲ ਦੇ

**• ਜਲੰਧਰ/ਰਾਕੇਸ਼ ਵਰਮਾ**



ਜਲੰਧਰ ਦੇ ਸੀ.ਜੇ.ਐਮ. ਅਮਿਤ ਕੁਮਾਰ ਗਰਗ ਦੀ ਅਦਾਲਤ ਨੇ ਹਰਵਿੰਦਰ ਕੌਰ ਮਿੰਟੀ ਮਾਮਲੇ ਵਿਚ ਪੱਛਮੀ ਹਲਕੇ ਦੇ ਵਿਧਾਇਕ ਸ਼ੀਤਲ ਅੰਗੁਰਾਲ ਦੇ ਵਾਰ-ਵਾਰ ਸੰਮਨ ਜਾਰੀ ਹੋਣ ਦੇ ਬਾਵਜੂਦ ਪੇਸ਼ ਨਾ ਹੋਣ ’ਤੇ ਸਖ਼ਤ ਕਾਰਵਾਈ ਕੀਤੀ ਹੈ। ਅਦਾਲਤ ਨੇ ਵਿਧਾਇਕ ਖ਼ਿਲਾਫ਼ ਗੈਰ-ਜ਼ਮਾਨਤੀ ਵਾਰੰਟ ਜਾਰੀ ਕਰਦਿਆਂ ਉਸ ਨੂੰ ਗ੍ਰਿਫ਼ਤਾਰ ਕਰਕੇ 24 ਅਗਸਤ ਨੂੰ ਅਦਾਲਤ ਵਿਚ ਪੇਸ਼ ਕਰਨ ਦੇ ਹੁਕਮ ਦਿੱਤੇ ਹਨ। ਇੰਨਾ ਹੀ ਨਹੀਂ ਅਦਾਲਤ ਨੇ ਸ਼ੀਤਲ ਅੰਗੁਰਾਲ ਦੇ ਸਾਰੇ ਜ਼ਮਾਨਤੀ ਬਾਂਡ ਰੱਦ ਕਰ ਕੇ ਜ਼ਬਤ ਕਰਨ ਦੇ ਵੀ ਹੁਕਮ ਦਿੱਤੇ ਹਨ। ਦੱਸ ਦੇਈਏ ਕਿ ਹਰਵਿੰਦਰ ਕੌਰ ਮਿੰਟੀ ਨੇ ਸੋਸ਼ਲ ਮੀਡੀਆ ’ਤੇ ਅਸ਼ਲੀਲ ਟਿੱਪਣੀ ਕਰਨ ਦੇ ਦੋਸ਼ ’ਚ ਸ਼ੀਤਲ ਅੰਗੁਰਾਲ ਅਤੇ ਉਸ ਦੇ ਸਾਥੀਆਂ ਖ਼ਿਲਾਫ਼ ਥਾਣਾ ਡਿਵੀਜ਼ਨ ਨੰਬਰ 6 ’ਚ ਕੇਸ ਦਰਜ ਕਰਵਾਇਆ ਸੀ। ਪੁਲਿਸ ਨੇ ਮਾਮਲੇ ਦੀ ਜਾਂਚ ਤੋਂ ਬਾਅਦ ਅਦਾਲਤ ਵਿਚ ਚਲਾਨ ਪੇਸ਼ ਕੀਤਾ। ਸ਼ਿਕਾਇਤ ਵਿਚ ਮਿੰਟੀ ਕੌਰ ਨੇ ਕਿਹਾ ਸੀ ਕਿ ਉਸ ਬਾਰੇ ਇਤਰਾਜ਼ਯੋਗ ਸ਼ਬਦ ਕਹਿਣ ਤੋਂ ਇਲਾਵਾ ਉਸ ਨੂੰ ਬਲੈਕਮੇਲਰ ਵੀ ਕਿਹਾ ਗਿਆ।

## ਹਿਮਾਚਲ ਦੇ ਮੰਡੀ ਵਿੱਚ ਬੱਸ ਡਿੱਗੀ 100 ਫੁੱਟ ਥਲੇ



**ਮੰਡੀ :** ਹਿਮਾਚਲ ਪ੍ਰਦੇਸ਼ ਦੇ ਮੰਡੀ ਦੇ ਸੁੰਦਰਨਗਰ ‘ਚ ਕੰਗੂ-ਦੇਹਰ ਰੋਡ ‘ਤੇ ਐੱਚਆਰਟੀਸੀ ਬੱਸ ਹਾਦਸੇ ਦਾ ਸ਼ਿਕਾਰ ਹੋ ਗਈ, ਜਿਸ ਕਾਰਨ 13 ਯਾਤਰੀ ਜ਼ਖਮੀ ਹੋ ਗਏ। ਬੱਸ ਸੁੰਦਰਨਗਰ ਤੋਂ ਸ਼ਿਮਲਾ ਜਾ ਰਹੀ ਸੀ ਤੇ ਉਹ ਸਵੇਰੇ 5.30 ਵਜੇ 100 ਫੁੱਟ ਡੂੰਘੇ ਟੋਏ ਵਿੱਚ ਜਾ ਡਿੱਗੀ। ਪ੍ਰਾਪਤ ਜਾਣਕਾਰੀ ਮੁਤਾਬਕ ਸਰੋਸ ਵਿਖੇ ਅਚਾਨਕ ਸੜਕ ਧੱਸ ਗਈ ਤੇ ਬੱਸ ਉਸ ਵਿੱਚ ਡਿੱਗ ਗਈ। ਜ਼ਖਮੀਆਂ ਨੂੰ ਸੁੰਦਰਨਗਰ ਦੇ ਹਸਪਤਾਲ ‘ਚ ਭਰਤੀ ਕਰਵਾਇਆ ਗਿਆ ਹੈ, ਜਦੋਂ ਕਿ ਗੰਭੀਰ ਜ਼ਖਮੀ 5 ਯਾਤਰੀਆਂ ਨੂੰ ਨੇਰਚੌਕ ਸਥਿਤ ਮੈਡੀਕਲ ਕਾਲਜ ‘ਚ ਰੈਫਰ ਕਰ ਦਿੱਤਾ ਗਿਆ ਹੈ।

## ਪੰਜਾਬ ਵਿੱਚ ਨਸ਼ਾ ਤਸਕਰਾਂ ਦੇ ਹੌਸਲੇ ਬੁਲੰਦ ਫੇਰ ਹੋਇਆ ਮੁਤਾਬਕ 1 ਦੀ ਹੋਈ ਮੌਤ

**ਤਰਨਤਾਰਨ :** ਪੰਜਾਬ ਪੁਲਿਸ ਅਤੇ ਨਸ਼ਾ ਤਸਕਰਾਂ ਵਿਚਾਲੇ ਹੋਈ ਗੋਲੀਬਾਰੀ ਵਿਚ ਇੱਕ ਨਸ਼ਾ ਤਸਕਰ ਦੀ ਮੌਤ ਹੋਣ ਦੀ ਖ਼ਬਰ ਹੈ। ਮਿਲੀ ਜਾਣਕਾਰੀ ਮੁਤਾਬਿਕ, ਪੁਲਿਸ ਤੇ ਨਸ਼ਾ ਤਸਕਰਾਂ ਵਿਚਾਲੇ ਇਹ ਮੁਕਾਬਲਾ ਤਰਨਤਾਰਨ ਦੇ ਪਿੰਡ ਕੈਰੋਂ ਨੇੜੇ ਹੋਇਆ। ਦੱਸਿਆ ਜਾ ਰਿਹਾ ਹੈ ਕਿ, ਪੁਲਿਸ ਨੂੰ ਇਤਲਾਹ ਮਿਲੀ ਸੀ ਕਿ, ਕੁੱਝ ਨਸ਼ਾ ਤਸਕਰ ਇਲਾਕੇ ਵਿਚ ਘੁੰਮ ਰਹੇ ਹਨ, ਜਿਨ੍ਹਾਂ ਨੂੰ ਫੜ ਲਿਆ ਜਾਵੇ ਤਾਂ, ਨਸ਼ਾ ਬਰਾਮਦ ਹੋ ਸਕਦਾ ਹੈ ਪੁਲਿਸ ਨੇ ਦੱਸਿਆ ਕਿ, ਇਤਲਾਹ ਮਿਲਦਿਆਂ ਹੀ ਸਾਡੀਆਂ ਟੀਮਾਂ ਚੌਕਸ ਹੋ ਗਈਆਂ ਅਤੇ ਹਰ ਸ਼ੱਕੀ ਤੇ ਨਿਗਾਹ ਰੱਖੀ ਜਾਣ ਲੱਗੀ।


JSDC GROUP ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ®
82880 21797
82880 21798
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ
ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ
JSDC GROUP - INDIA

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਆਈ ਫਲੂ ਅਤੇ ਪੇਟ ਦੀਆਂ ਬਿਮਾਰੀਆਂ ਸਬੰਧੀ ਸਕੂਲੀ ਬੱਚਿਆਂ ਨੂੰ ਕੀਤਾ ਜਾਗਰੂਕ




**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਬਰਸਾਤ ਦੇ ਮੌਸਮ ਨੂੰ ਮੁੱਖ ਰੱਖਦੇ ਹੋਏ ਸਿਹਤ ਵਿਭਾਗ ਵਲੋਂ ਵੈਕਟਰ ਬੋਰਨ ਅਤੇ ਵਾਟਰ ਬੋਰਨ ਬਿਮਾਰੀਆਂ ਪ੍ਰਤੀ ਬੱਚਿਆਂ ਨੂੰ ਸਕੂਲਾਂ ਵਿੱਚ ਬੱਚਿਆਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਡਾ .ਦਲਜੀਤ ਕੌਰ ਸੀਨੀਅਰ ਮੈਡੀਕਲ ਅਫਸਰ ਕੀਰਤਪੁਰ ਸਾਹਿਬ ਨੇ ਦੱਸਿਆ ਕਿ ਬਦਲਦੇ ਮੌਸਮ ਅਤੇ ਹੜ੍ਹਾਂ ਵਰਗੀ ਸਥਿਤੀ ਕਾਰਨ ਆਈ ਫਲੂ, ਪੇਟ ਦੀਆਂ ਬਿਮਾਰੀਆਂ ਅਤੇ ਮੱਖੀਆਂ ਮੱਛਰਾਂ ਤੋਂ ਹੋਣ ਵਾਲ਼ੀਆਂ ਬਿਮਾਰੀਆਂ ਦਾ ਖਤਰਾ ਬਣਿਆ ਰਹਿੰਦਾ ਹੈ। ਪਰ ਅਸੀਂ ਕੁੱਝ ਸਾਵਧਾਨੀਆਂ ਵਰਤ ਕੇ ਇਹਨਾਂ ਤੋਂ ਬਚ ਸਕਦੇ ਹਾਂ। ਉਹਨਾਂ ਦੱਸਿਆ ਕਿ ਅਸੀਂ ਬਾਰ-ਬਾਰ ਆਪਣੇ ਹੱਥਾਂ ਨਾਲ਼ ਕੋਈ ਨਾ ਕੋਈ ਐਕਟੀਵਿਟੀ ਕਰਦੇ ਰਹਿੰਦੇ ਹਾਂ ਜਿਵੇਂ ਕਿ ਮੋਬਾਇਲ ਚਲਾਉਣਾ, ਪੈਸਿਆਂ ਦਾ ਲੈਣ-ਦੇਣ ਕਰਨਾ, ਦੁਕਾਨਾਂ ਤੋਂ ਖਰੀਦਦਾਰੀ ਕਰਨਾ ਆਦਿ। ਇਸ ਤਰ੍ਹਾਂ ਸਾਡੇ ਹੱਥ ਕੀਟਾਣੂ ਯੁਕਤ ਹੋ ਜਾਂਦੇ ਹਨ

### ਹੱਥਾਂ ਨੂੰ ਧੋਣ ਅਤੇ ਕਿਟਾਣੂ ਰਹਿਤ ਕਰਨ ਦੇ ਦੱਸੇ ਸਹੀ ਤਰੀਕੇ

ਅਤੇ ਜੇ ਅਸੀਂ ਬਿਨਾ ਹੱਥਾਂ ਨੂੰ ਚੰਗੀ ਤਰ੍ਹਾਂ ਧੋਤਿਆਂ ਕੁੱਝ ਖਾਂਦੇ ਹਾਂ ਤਾ ਉਹੀ ਕੀਟਾਣੂ ਸਾਡੇ ਪੇਟ ਵਿੱਚ ਪ੍ਰਵੇਸ਼ ਕਰ ਜਾਂਦੇ ਹਨ ਅਤੇ ਸਾਨੂੰ ਡਾਇਰੀਆ, ਅੰਤੜੀਆਂ ਦੀ ਸੋਜ਼ਸ਼ ਅਤੇ, ਪੀਲ਼ੀਆ ਅਤੇ ਹੋਰ ਭਿਆਨਕ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਜਾਂਦਾ ਹੈ। ਕਈ ਵਾਰ ਇਹ ਬਿਮਾਰੀਆਂ ਬੱਚਿਆਂ ਨੂੰ ਗੰਭੀਰ ਸਥਿਤੀ ਵਿੱਚ ਲੈ ਜਾਂਦੀਆਂ ਹਨ ਅਤੇ ਨਤੀਜੇ ਜਿਆਦਾ ਭਿਆਨਕ ਹੋ ਜਾਂਦੇ ਹਨ। ਇਸ ਲਈ ਸਾਨੂੰ ਆਪਣੇ ਹੱਥਾਂ ਨੂੰ ਬਾਰ-ਬਾਰ ਸਾਫ ਪਾਣੀ ਅਤੇ ਸਾਬਣ ਨਾਲ਼ ਧੋਂਦੇ ਰਹਿਣਾ ਚਾਹੀਦਾ ਹੈ ਅਤੇ ਜੇਕਰ ਪੇਟ ਸੰਬੰਧੀ ਕੋਈ ਵੀ ਸਮੱਸਿਆ ਆਉਂਦੀ ਹੈ ਤਾਂ ਤੁਰੰਤ ਹੀ ਨੇੜਲੇ ਸਿਹਤ ਕੇਂਦਰ ਵਿੱਚ ਜਾ ਕੇ ਚੈਕਅਪ ਕਰਵਾਉਣਾ ਚਾਹੀਦਾ ਹੈ। ਮਲਟੀਪਰਪਜ਼ ਹੈਲਥ ਵਰਕਰ ਰਵਿੰਦਰ ਸਿੰਘ, ਸੰਜੀਵ ਕੁਮਾਰ ਅਤੇ ਰਵਿੰਦਰ ਸਿੰਘ ਵਲੋਂ ਅੱਜ ਪਿੰਡ ਸਮਲ਼ਾਹ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਬੱਚਿਆਂ ਨੂੰ ਡੈਂਗੂ, ਚਿਕਨਗੁਨੀਆਂ ਅਤੇ ਮਲੇਰੀਆ ਵਾਰੇ ਵੀ ਜਾਣਕਾਰੀ ਦਿੱਤੀ ਗਈ ਅਤੇ ਸਾਵਧਾਨੀਆਂ ਵੀ ਦੱਸੀਆਂ ਗਈਆਂ ਕਿ ਕਿਵੇਂ ਅਸੀਂ ਇਹਨਾਂ ਤੋਂ ਬਚ ਸਕਦੇ ਹਾਂ। ਆਈ ਫਲੂ ਵਾਰੇ ਦੱਸਦਿਆਂ ਉਹਨਾਂ ਕਿਹਾ ਕਿ ਅੱਖਾਂ ਨੂੰ ਬਾਰ-ਬਾਰ ਹੱਥ ਨਹੀਂ ਲਗਾਉਣੇ ਚਾਹੀਦੇ ਅਤੇ ਜੇਕਰ ਅੱਖਾਂ ਵਿੱਚ ਰੜਕ ਪੈਂਦੀ ਹੋਵੇ, ਲਾਲੀ ਹੋਵੇ, ਪਾਣੀ ਵਗਦਾ ਹੋਵੇ, ਜਲਣ ਪੈਂਦੀ ਹੋਵੇ ਤਾਂ ਸਮੇਂ ਸਿਰ ਸਿਹਤ ਸੰਸਥਾ ਵਿੱਚ ਜਾ ਕੇ ਅੱਖਾਂ ਦਾ ਚੈਕ-ਅਪ ਕਰਵਾਉਣਾ ਚਾਹੀਦਾ ਹੈ। ਭੀੜ ਵਾਲ਼ੀਆਂ ਥਾਵਾਂ ਤੇ ਜਾਣ ਤੋਂ ਪਰਹੇਜ਼ ਕਰੋ ਅਤੇ ਕਿਸੇ ਵੀ ਸਾਂਝੀ ਥਾਂ ਤੇ ਸਵਿਮਿੰਗ ਨਾ ਕਰੋ ਤੇ ਨਾ ਨਹਾਓ। ਇਸ ਮੌਕੇ ਸਿਹਤ ਵਿਭਾਗ ਦੇ ਕਰਮਚਾਰੀਆਂ ਤੋਂ ਇਲਾਵਾ ਸਕੂਲ ਦੇ ਅਧਿਆਪਕ ਵੀ ਹਾਜ਼ਰ ਸਨ।

# ਕਬੱਡੀ 'ਚ ਸਰਕਾਰੀ ਸੈਕੰਡਰੀ ਸਕੂਲ ਧੌਲਾ ਤੇ ਖੋ-ਖੋ 'ਚ ਭੈਣੀ ਫੱਤਾ ਸਕੂਲ ਦੇ ਮੁੰਡੇ ਜੇਤੂ




**• ਬਰਨਾਲਾ**

67ਵੀਆਂ ਗਰਮ ਰੁੱਤ ਜੋਨਲ ਸਕੂਲ ਖੇਡਾਂ ਤਹਿਤ ਜੋਨ ਪੱਖੋ ਕਲਾਂ ਅਧੀਨ ਆਉਂਦੇ ਸਕੂਲਾਂ ਦੇ ਖੇਡ ਮੁਕਾਬਲਿਆਂ ਦਾ ਉਦਘਾਟਨ ਉੱਪ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਬਰਨਾਲਾ ਬਰਜਿੰਦਰਪਾਲ ਸਿੰਘ ਅਤੇ ਉੱਪ ਜਿਲ੍ਹਾ ਸਿੱਖਿਆ ਅਫਸਰ (ਐਲੀ.) ਵਸੁੰਦਰਾ ਕਪਿਲਾ ਨੇ ਸਾਂਝੇ ਤੌਰ 'ਤੇ ਖੇਡ ਮੁਕਾਬਲੇ ਸ਼ੁਰੂ ਕਰਵਾ ਕੇ ਕੀਤਾ। ਜੋਨਲ ਸਕੱਤਰ ਅਮਨਦੀਪ ਕੌਰ ਨੇ ਦੱਸਿਆ ਕਿ ਜੋਨ ਪੱਖੋ ਕਲਾਂ ਅਧੀਨ ਆਉਂਦੇ ਵੱਖ-ਵੱਖ ਸਕੂਲਾਂ ਵਿੱਚ ਹੋ ਰਹੀਆਂ ਇਹਨਾਂ ਖੇਡਾਂ ਵਿੱਚੋਂ ਰੱਸਾਕਸੀ ਅੰਡਰ 17 ਸਾਲ ਤੇ ਅੰਡਰ 19 ਸਾਲ ਲੜਕੀਆਂ ਵਿੱਚ ਸੰਤ ਬਾਬਾ ਲੌਂਗਪੁਰੀ ਸਕੂਲ ਪੱਖੋ ਕਲਾਂ ਨੇ ਪਹਿਲਾ ਤੇ ਸਸਸ ਸਕੂਲ ਪੱਖੋ ਕਲਾਂ ਨੇ ਦੂਜਾ ਅਤੇ ਕਬੱਡੀ ਨੈਸ਼ਨਲ ਸਟਾਇਲ ਅੰਡਰ 17 ਤੇ 19 ਸਾਲ ਵਿੱਚ ਸਸਸ ਸਕੂਲ ਧੌਲਾ ਦੇ ਮੁੰਡਿਆਂ ਨੇ ਪਹਿਲਾ ਸਥਾਨ ਹਾਸਲ ਕੀਤਾ ਹੈ। ਕਬੱਡੀ ਅੰਡਰ 14 ਸਾਲ ਲੜਕੇ ਵਿੱਚ ਸਿੱਧ ਭੋਇ ਅਕੈਡਮੀ ਰੂੜੇਕੇ ਕਲਾਂ ਨੇ ਪਹਿਲਾ ਅਤੇ ਸਰਕਾਰੀ ਹਾਈ ਸਕੂਲ ਕਾਹਨੇਕੇ ਨੇ ਦੂਜਾ, ਖੋ-ਖੋ ਅੰਡਰ 14 ਸਾਲ ਵਿੱਚ ਸੰਤ ਬਚਨਪੁਰੀ ਸਕੂਲ ਪੱਖੋ ਕਲਾਂ ਦੀਆਂ ਕੁੜੀਆਂ ਨੇ ਪਹਿਲਾ ਅਤੇ ਸਰਕਾਰੀ ਹਾਈ ਸਕੂਲ ਬਦਰਾ ਨੇ ਦੂਜਾ, ਲੜਕਿਆਂ ਦੇ ਵਰਗ ਵਿੱਚ ਸਰਕਾਰੀ ਹਾਈ ਸਕੂਲ ਭੈਣੀ ਫੱਤਾ ਨੇ ਪਹਿਲਾ ਤੇ ਸੰਤ ਬਚਨਪੁਰੀ ਸਕੂਲ ਪੱਖੋ ਕਲਾਂ ਨੇ ਦੂਜਾ, ਅੰਡਰ 17 ਸਾਲ ਵਿੱਚ ਸਰਕਾਰੀ ਹਾਈ ਸਕੂਲ ਭੈਣੀ ਫੱਤਾ ਦੇ ਲੜਕਿਆਂ ਨੇ ਪਹਿਲਾ ਤੇ ਸੰਤ ਬਚਨਪੁਰੀ ਸਕੂਲ ਪੱਖੋ ਕਲਾਂ ਨੇ ਦੂਜਾ ਸਥਾਨ ਪ੍ਰਾਪਤ ਕੀਤਾ ਹੈ। ਇਸ ਮੌਕੇ ਹੈੱਡ ਮਾਸਟਰ ਸਾਧੂ ਸਿੰਘ, ਹੈਡ ਮਾਸਟਰ ਪ੍ਰਦੀਪ ਕੁਮਾਰ, ਸਕੂਲ ਮੁਖੀ ਅੰਮ੍ਰਿਤਪਾਲ ਸਿੰਘ, ਮਲਕੀਤ ਸਿੰਘ, ਸੱਤਪਾਲ ਸ਼ਰਮਾ, ਗੁਰਜੀਤ ਸਿੰਘ, ਜਸਪਿੰਦਰ ਕੌਰ, ਪਰਮਜੀਤ ਕੌਰ, ਗੁਰਦੀਪ ਸਿੰਘ ਬੁਰਜਹਰੀ, ਜਸਪ੍ਰੀਤ ਸਿੰਘ, ਹਰਜੀਤ ਸਿੰਘ ਜੋਗਾ, ਤਰਵਿੰਦਰ ਸਿੰਘ, ਹਰਦੀਪ ਕੌਰ, ਸ਼ਿਵਦੀਪ ਸ਼ਰਮਾ, ਪ੍ਰਗਟ ਸਿੰਘ ਸਮੇਤ ਵੱਖ-ਵੱਖ ਸਕੂਲਾਂ ਦੇ ਸਰੀਰਕ ਸਿੱਖਿਆ ਅਧਿਆਪਕ ਅਤੇ ਖਿਡਾਰੀ ਮੌਜੂਦ ਸਨ।

# ਵਿਅਕਤੀ ਨਾਲ ਕੁੱਟਮਾਰ ਕਰਨ ਅਤੇ ਉਸ ਨੂੰ ਦੁਕਾਨ ਤੋਂ ਅਗਵਾਹ ਕਰਨ ਦੇ ਆਰੋਪ ਵਿਚ ਚਾਰ ਆਰੋਪਿਆ ਖਿਲਾਫ ਪੁਲਸ ਨੇ ਕੀਤਾ ਮੁਕੱਦਮਾ ਦਰਜ



**• ਨਵਾਂਸ਼ਹਿਰ /ਬਲਾਚੌਰ ( ਜਤਿੰਦਰ ਪਾਲ ਸਿੰਘ ਕਲੇਰ**

ਸਦਰ ਥਾਣਾ ਬਲਾਚੌਰ ਦੇ ਐਸ ਐਚ ਓ ਜਰਨੈਲ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਗੁਰਜਿੰਦਰ ਕੁਮਾਰ ਉਰਫ ਰਾਜਨ ਪੁੱਤਰ ਮਹਿੰਦਰ ਪਾਲ ਵਾਸੀ ਹਾਜੀਪੁਰ ਲਹਿਰਾਂ ਥਾਣਾ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਵਲੋਂ ਦਰਜ ਰਜਸ਼ਿਟਰ ਕਰਵਾਇਆ ਗਿਆਂ ਹੈ ।ਕਰਨ ਕੁਮਾਰ ਉਰਫ ਬਿੱਲਾ ਪੁੱਤਰ ਸੁਰਜੀਤ ਕੁਮਾਰ ਵਾਸੀ ਖਾਨਪੁਰ ਤਹਿਸੀਲ ਗੜ੍ਹਸ਼ੰਕਰ ਜੋ ਰਿਸ਼ਤੇਦਾਰੀ ਵਿਚੋਂ ਗੁਰਜਿੰਦਰ ਕੁਮਾਰ ਦੀ ਭੂਆ ਦਾ ਲੜਕਾ ਹੈ ਪਿੰਡ ਮਜਾਰੀ ਵਿਖੇ ਸੇਠੀ ਮਾਰਕੀਟ ਵਿੱਚ ਸਟਾਈਲ ਹੇਅਰ ਸਟੂਡੀਓ ਦੀ ਦੁਕਾਨ ਤੇ ਹੇਅਰ ਕਟਿੰਗ ਦਾ ਕੰਮ ਕਰਦਾ ਹੈ। ਮਿਤੀ 10 ਅਗਸਤ ਨੂੰ ਵਕਤ ਕ੍ਰੀਬ 06:15 ਵਜੇ ਦਾ ਹੋਵੇਗਾ ਕਰਨ ਨਵਾਂਸ਼ਹਿਰ ਤੋਂ ਦੁਕਾਨ ਦਾ ਸਾਮਾਨ ਲੈ ਕੇ ਵਾਪਸ ਦੁਕਾਨ ਤੇ ਆ ਚੁੱਕਾ ਸੀ ਤਾਂ ਇੰਨੇ ਨੂੰ ਕਾਲੂ ਉਕਤ ਵਿਅਕਤੀ ਜੋ ਪਹਿਲਾ ਦੁਕਾਨ ਤੇ ਆਇਆ ਹੋਇਆ ਸੀ, ਦੁਬਾਰਾ ਦੁਕਾਨ ਦੇ ਅੰਦਰ ਆ ਕੇ ਕਰਨ ਨੂੰ ਦੇਖਕੇ ਯਕਦਮ ਪਿੱਛੇ ਨੂੰ ਮੁੜ ਗਿਆ ।ਫਿਰ ਯਕਦਮ ਚਾਰ ਵਿਅਕਤੀ ਜਿਹਨਾਂ ਪਾਸ ਕਿਰਪਾਨਾਂ ਅਤੇ ਖੰਡੇ ਸਨ, ਦੁਕਾਨ ਅੰਦਰ ਆਏ ਤੇ ਆਉਂਦੇ ਕਰਨ ਦੀ ਦੁਕਾਨ ਅੰਦਰ ਕੁੱਟਮਾਰ ਕਰਨ ਲੱਗ ਪਏ ਤੇ ਕਰਨ ਦੀ ਕੁੱਟਮਾਰ ਕਰਦੇ-ਕਰਦੇ ਕਰਨ ਨੂੰ ਦੁਕਾਨ ਤੋਂ ਘੜੀਸਦੇ ਹੋਏ ਬਾਹਰ ਲੈ ਗਏ ਤੇ ਗੁਰਜਿੰਦਰ ਕੁਮਾਰ ਹੁਣੀ ਵੀ ਉਸਨੂੰ ਛੁਡਵਾਉਣ ਲਈ ਅੱਗੇ ਹੋਏ ਤਾਂ ਚਾਰੇ ਨੌਜਵਾਨ ਜੋ ਹਥਿਆਰਾ ਨਾਲ ਲੈਸ ਸਨ, ਕਰਨ ਨੂੰ ਲੱਤਾਂ ਤੇ ਬਾਹਾਂ ਤੋਂ ਫੜ ਕੇ ਬਾਹਰ ਖੜ੍ਹੀ ਸਵੀਫਟ ਗੱਡੀ ਰੰਗ ਚਿੱਟਾ ਜਿਸਦਾ ਨੰਬਰ ♦2-20-4-8280 ਪੜ ਆ ਗਿਆ, ਵਿੱਚ ਸੁੱਟਦੇ ਸਮੇਂ ਮੋਹਿਤ, ਕਰਨ ਅਤੇ ਬਗੋਮੋਂ ਇੱਕ- ਦੂਜੇ ਦਾ ਨਾਮ ਲੈ ਕੇ ਬੋਲ ਰਹੇ ਸਨ ।ਜਿਸ ਤੇ ਏਐਸਆਈ ਪ੍ਰੇਮ ਲਾਲ ਵਲੋਂ ਉਕਤ ਚਾਰ ਆਰੋਪੀਆਂ ਖਿਲਾਫ ਧਾਰਾ 364,323, 120-2, 34 ਆਈ ਪੀ ਸੀ ਦੇ ਤਹਿਤ ਮੁਕੱਦਮਾ ਦਰਜ ਰਜਿਸਟਰ ਕਰਕੇ ਮੁਢਲੀ ਤਫਤੀਸ਼ ਅਮਲ ਵਿੱਚ ਲਿਆਦੀ। ਆਰੋਪੀ ਗ੍ਰਿਫਤਾਰ ਕਰਨੇ ਬਾਕੀ ਹੈ।

# ਹਾਈਟੈਕ ਨਾਕਾ ਆਸਰੋਂ ਵਿਖੇ ਚੈਕਿੰਗ ਦੌਰਾਨ 500 ਗ੍ਰਾਮ ਅਫੀਮ ਸਮੇਤ ਇੱਕ ਵਿਅਕਤੀ ਕਾਬੂ

**• ਨਵਾਂਸ਼ਹਿਰ /ਕਾਠਗੜ/ਜਤਿੰਦਰਪਾਲ ਸਿੰਘ ਕਲੇਰ**



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਐਸ ਐਸ ਪੀ ਡਾਕਟਰ ਅਖਿਲ ਚੌਧਰੀ ਦੇ ਦਿਸ਼ਾ-ਨਿਰਦੇਸ਼ਾ ਦੀ ਸਖਤੀ ਨਾਲ ਪਾਲਣਾ ਕਰਦੇ ਹੋਏ ਥਾਣਾ ਕਾਠਗੜ੍ਹ ਪੁਲਿਸ ਨੇ ਇਕ ਵਿਅਕਤੀ ਨੂੰ ਕਾਬੂ ਕਰਕੇ ਉਸਦੇ ਕੋਲੋ 500 ਗ੍ਰਾਮ ਅਫੀਮ ਬਰਾਮਦ ਕੀਤੀ ਹੈ, ਪੁਲਿਸ ਨੇ ਕਥਿਤ ਆਰੋਪੀ ਦੇ ਖਿਲਾਫ ਐਨਡੀਪੀਐਸ ਐਕਟ ਦੇ ਅਧੀਨ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ, ਇਸ ਸਬੰਧ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਐਸ ਐਚ ਓ ਇੰਸਪੈਕਟਰ ਪਰਮਿੰਦਰ ਸਿੰਘ ਰਾਏ ਨੇ ਦੱਸਿਆ ਕਿ ਉਨਾ ਦੀ ਪੁਲਿਸ ਪਾਰਟੀ ਦੇ ਨਾਲ ਹਾਈਟੈਕ ਨਾਕਾ ਆਸਰੋਂ ਦੇ ਵਿਸ਼ੇਸ਼ ਨਾਕਾਬੰਦੀ ਕੀਤੀ ਹੋਈ ਸੀ ਕਿ ਇਸੇ ਦੌਰਾਨ ਆਉਣ ਜਾਣ ਵਾਲੇ ਸ਼ੱਕੀ ਵਾਹਨਾ ਦੀ ਚੈਕਿੰਗ ਸਖਤੀ ਨਾਲ ਕੀਤੀ ਜਾ ਕੀਤੀ ਜਾ ਰਹੀ ਸੀ ਇਸ ਦੇ ਦੌਰਾਨ ਇਕ ਬੱਸ ਚੰਡੀਗੜ੍ਹ ਤੋਂ ਬਲਾਚੌਰ ਦੀ ਸਾਈਡ ਨੂੰ ਜਾ ਰਹੀ ਸੀ ਉਸ ਬੱਸ ਨੂੰ ਸ਼ੱਕ ਦੇ ਆਧਾਰ ਤੇ ਰੋਕਿਆ ਗਿਆ ਤਾ ਉਸਦੀ ਤਲਾਸ਼ੀ ਲੈਣੀ ਸ਼ੁਰੂ ਕੀਤੀ ਤਾਂ ਬੱਸ ਵਿੱਚ ਸਵਾਰ ਇਕ ਮੋਨਾ ਵਿਅਕਤੀ ਪੁਲਿਸ ਨੂੰ ਵੇਖ ਅਤੇ ਬੱਸ ਦੀ ਪਿਛਲੀ ਤਾਕੀ ਖੋਲ ਕੇ ਪਿਸ਼ਾਬ ਕਰਨ ਦੇ ਬਹਾਨੇ ਬੱਸ ਵਿੱਚੋਂ ਹੇਠਾਂ ਉੱਤਰ ਗਿਆ ਨਹਿਰ ਦੇ ਨਾਲ ਨਾਲ ਰੋਪੜ ਵੱਲ ਨੂੰ ਤੁਰ ਪਿਆ ਅਤੇ ਉਸ ਦੇ ਸੱਜੇ ਹੱਥ ਵਿੱਚ ਇੱਕ ਵਜਨੀ ਕਾਲੇ ਰੰਗ ਦਾ ਲਿਫਾਫਾ ਸੀ ਐਸ ਆਈ ਪੂਰਨ ਸਿੰਘ ਅਤੇ ਏ ਐਸ ਆਈ ਪਰਮਜੀਤ ਸਿੰਘ ਅਤੇ ਉਹਨਾਂ ਦੀ ਪੁਲਿਸ ਪਾਰਟੀ ਵੀ ਉਸ ਦਾ ਪਿੱਛੇ ਤੁਰ ਪਈ ਤਾਂ ਉਸ ਨੂੰ ਰੁਕਣ ਲਈ ਕਿਹਾ ਤਾ ਉਹ ਘਬਰਾ ਗਿਆ ਅਤੇ ਮੋਮੀ ਲਿਫਾਫਾ ਸਰਕੰਡੇ ਵਿੱਚ ਸੁੱਟ ਦਿੱਤਾ ਅਤੇ ਲਿਫਾਫਾ ਡਿੱਗਣ ਨਾਲ ਉਸ ਮੂੰਹ ਖੁੱਲ੍ਹ ਗਿਆ ਪੁਲਿਸ ਪਾਰਟੀ ਨੇ ਇਸ ਨੂੰ ਵੇਖੀਆਂ ਤਾ ਇਹ ਅਫੀਮ ਸੀ ਫਿਰ ਪੁਲਿਸ ਨੇ ਉਸ ਵਿਅਕਤੀ ਨੂੰ ਕਾਬੂ ਕਰ ਲਿਆ ਅਤੇ ਫਿਰ ਜਦੋਂ ਪੁਲਿਸ ਪਾਰਟੀ ਨੇ ਇਸ ਲਿਫਾਫੇ ਦੀ ਤਲਾਸ਼ੀ ਲਈ ਤਾ ਇਸ ਲਿਫਾਫੇ ਵਿੱਚੋਂ ਅਫੀਮ ਬਰਾਮਦ ਹੋਈ ਅਤੇ ਫਿਰ ਪੁਲਿਸ ਪਾਰਟੀ ਵਲੋਂ ਇਸ ਦਾ ਵਜਨ ਤੋਲਿਆ ਗਿਆ ਤਾ ਇਸ ਅਫੀਮ ਦਾ ਵਜਨ 500 ਗ੍ਰਾਮ ਹੋਈਆ ਜਿਸ ਤੇ ਪੁਲਿਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਉਕਤ ਵਿਆਕਤੀ ਨੂੰ ਕਾਬੂ ਕਰ ਲਿਆ ਗਿਆ ਤਾ।। ਇਸ ਦੇ ਸਬੰਧੀਐਸ ਆਈ ਪੂਰਨ ਸਿੰਘ ਅਤੇ ਏ ਐਸ ਆਈ ਪਰਮਜੀਤ ਦੱਸਿਆ ਕਿ ਕਾਬੂ ਕੀਤੇ ਵਿਅਕਤੀ ਦਾ ਐਡਰੈੱਸ ਪੁੱਛਿਆ ਤਾ ਉਸ ਨੇ ਆਪਣਾ ਨਾਂ ਬਰਜੇਸ਼ ਪਿੰਡ ਰਾਮਦਰ ਗੰਜ ਥਾਣਾ ਸਰੌਲੀ ਜਿਲ੍ਹਾ ਬਰੇਲੀ (ਉਤਰ ਪ੍ਰਦੇਸ਼) ਦੱਸਿਆ ਅਤੇ ਪੁਲਿਸ ਵਲੋਂ ਫੜੀ ਗਈ ਅਫੀਮ ਦਾ ਬਿੱਲ ਮੰਗੀਆਂ ਪਰ ਉਹ ਇਸ ਸਬੰਧੀ ਮੌਕੇ ਤੇ ਕੋਈ ਵੀ ਪਰਮਿਟ ਜਾ ਬਿੱਲ ਨਹੀਂ ਦਿਖਾ ਅਤੇ ਪੁਲਿਸ ਵਲੋਂ ਇਸ ਦੇ ਖਿਲਾਫ ਐਨ ਡੀ ਪੀ ਐਸ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ ਅਤੇ ਉਹਨਾਂ ਕਿਹਾ ਕੀ ਇਸ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਅਤੇ ਇਸ ਤੋਂ ਬਾਰਿਕੀ ਨਾਲ ਜਾਂਚ ਕਰਕੇ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।


# ਐਸਸੀਡੀ ਸਰਕਾਰੀ ਕਾਲਜ ਵਿੱਚ ਤੀਜ ਦਾ ਜਸ਼ਨ




• ਲੁਧਿਆਣਾ/ਸੁਖਚੈਨ ਮਹਿਰਾ

ਐਸਸੀਡੀ ਸਰਕਾਰੀ ਕਾਲਜ, ਲੁਧਿਆਣਾ ਦੇ ਐਨਐਸਐਸ ਗਰਲਜ਼ ਵਿੰਗ ਨੇ ਪ੍ਰਿੰਸੀਪਲ ਪ੍ਰੋ. ਡਾ: ਤਨਵੀਰ ਲਿਖਾਰੀ ਅਤੇ ਐਨਐਸਐਸ ਕਨਵੀਨਰ (ਲੜਕੀਆਂ ਵਿੰਗ) ਸ੍ਰੀਮਤੀ ਗੀਤਾਂਜਲੀ ਪਬਰੇਜਾ ਦੀ ਅਗਵਾਈ ਵਿੱਚ ਤੀਜ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ। ਵਿਦਿਆਰਥਣਾਂ ਨੇ ਰਵਾਇਤੀ ਪੰਜਾਬੀ ਲੋਕ ਨਾਚ ਪੇਸ਼ ਕੀਤਾ ਅਤੇ ਇਸ ਸਮਾਗਮ ਦੀ ਵਿਸ਼ੇਸ਼ਤਾ ਰਵਾਇਤੀ ਪਹਿਰਾਵੇ ਵਿੱਚ ਕੁੜੀਆਂ ਅਤੇ ਕਾਲਜ ਪ੍ਰੋਫੈਸਰਾਂ ਦੁਆਰਾ ਮਾਡਲਿੰਗ ਰਿਹਾ। ਮਾਡਲਿੰਗ ਈਵੈਂਟ ਦੇ ਜੇਤੂਆਂ ਨੂੰ ਵੱਖ-ਵੱਖ ਖ਼?ਤਾਬਾਂ ਨਾਲ ਸਨਮਾਨਿਤ ਕੀਤਾ ਗਿਆ। ਸਟਾਫ਼ ਨੇ 'ਟੱਪੇ' ਗਾ ਕੇ ਪੰਜਾਬੀ ਸੱਭਿਆਚਾਰ ਨੂੰ ਜੀਵਤ ਰੂਪ ਵਿੱਚ ਪੇਸ਼ ਕੀਤਾ। ਵਿਦਿਆਰਥੀਆਂ ਨੇ ਚੂੜੀਆਂ, ਝੁਮਕਿਆਂ ਅਤੇ ਸਾਵਣ ਦੀ ਸੁਆਦ-ਖੀਰ-ਪੂਰੇ ਦੇ ਵੱਖ-ਵੱਖ ਸਟਾਲ ਵੀ ਲਗਾਏ। ਸਟਾਫ਼ ਮੈਂਬਰਾਂ ਵਿੱਚੋਂ ਡਾ: ਸਜਲਾ ਅਤੇ ਸ੍ਰੀਮਤੀ ਆਰਸੀ ਸੰਧੂ ਨੇ ਸਰਵੋਤਮ ਫੁਲਕਾਰੀ ਅਤੇ ਸ੍ਰੀਮਤੀ ਗੀਤਿਕਾ ਤਲਵਾਰ ਨੇ ਸਰਬੋਤਮ ਪੰਜਾਬੀ ਜੁੱਤੀ ਦਾ ਖ਼?ਤਾਬ ਜਿੱਤਿਆ। ਗਣਿਤ ਵਿਭਾਗ ਵੱਲੋਂ ਸ਼੍ਰੀਮਤੀ ਮੋਨਿਕਾ ਨੂੰ ਤੀਜ ਰਾਣੀ ਦਾ ਖਿਤਾਬ ਦਿੱਤਾ ਗਿਆ। ਵਿਦਿਆਰਥਣਾਂ ਵਿੱਚੋਂ ਕਸ਼ਿਸ਼ ਗੋਲਨ ਨੇ ਮਿਸ ਤੀਜ ਦਾ ਖਿਤਾਬ ਹਾਸਲ ਕੀਤਾ। ਮਨਕਿਰਨ, ਇਸ਼ਿਕਾ ਅਤੇ ਸ਼ਾਨੂ ਨੂੰ ਕ੍ਰਮਵਾਰ ਸਰਵੋਤਮ ਫੁਲਕਾਰੀ, ਪਰਾਂਦਾ ਅਤੇ ਜੁੱਤੀ ਪਹਿਨਣ ਦਾ ਇਨਾਮ ਮਿਲਿਆ। ਐਨ.ਐਸ.ਐਸ. ਲੜਕੇ ਵਿੰਗ ਦੇ ਕਨਵੀਨਰ ਡਾ: ਸੌਰਭ ਨੇ ਅਨੁਸ਼ਾਸਨ ਨੂੰ ਦੇਖਿਆ ਜਦਕਿ ਡਾ: ਇਰਾਦੀਪ ਅਤੇ ਪ੍ਰੋ: ਰਜਨੀ ਨੇ ਸਮਾਗਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿਚ ਸਹਿਯੋਗ ਦਿੱਤਾ। ਡਾ: ਸੱਤਿਆ, ਡਾ: ਗੁਰਸ਼ਰਨਜੀਤ ਸੰਧੂ, ਡਾ: ਸੰਜੂ ਗੁਪਤਾ, ਡਾ: ਪੂਨਮ ਮਹਾਜਨ, ਪ੍ਰੋ: ਬਸਰਾ, ਪ੍ਰੋ: ਕੁਲਵੰਤ ਸਿੰਘ, ਐਨ.ਐਸ.ਐਸ ਟੀਮ ਦੇ ਮੈਂਬਰ ਅਤੇ ਕਾਲਜ ਦੇ ਸਾਰੇ ਅਧਿਆਪਕਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ ।

# ਰੱਤੀਆ ਰਹਿਤਵਾਨ ਸਿੱਖ: ਇੱਕ ਅਧਿਐਨ' ਪ੍ਰੋ. ਗੁਰਭਜਨ ਸਿੰਘ ਗਿੱਲ ਤੇ ਸਾਥੀਆਂ ਵੱਲੋਂ ਲੋਕ ਅਰਪਣ ਤੇ ਵਿਚਾਰ ਚਰਚਾ



• ਲੁਧਿਆਣਾ/ਸੁਖਚੈਨ ਮਹਿਰਾ

ਪੰਜਾਬੀ ਲੋਕ ਵਿਰਾਸਤ ਅਕਾਦਮੀ, ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਤੇ ਸਾਥੀਆਂ ਨੇ ਲਫ਼ਜ਼ਾਂ ਦੀ ਦੁਨੀਆਂ ਸਾਹਿਤ ਸਭਾ, ਨਕੋਦਰ ਵੱਲੋਂ ਪ੍ਰਿੰਸੀਪਲ ਡਾ? ਪਰਮਜੀਤ ਕੌਰ ਦੀ ਲਿਖੀ ਪੁਸਤਕ "ਰੱਤੀਆ ਰਹਿਤਵਾਨ ਸਿੱਖ: ਇੱਕ ਅਧਿਐਨ' ਨੂੰ ਲੁਧਿਆਣਾ ਵਿੱਚ ਲੋਕ ਅਰਪਣ ਕੀਤਾ। ਪੁਸਤਕ ਦੀ ਪੜ੍ਹਤ ਉਪਰੰਤ ਗੰਭੀਰ ਵਿਚਾਰ ਚਰਚਾ ਵਿੱਚ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਦੇ ਸਾਬਕਾ ਪ੍ਰਧਾਨ ਪ੍ਰੋ. ਰਵਿੰਦਰ ਸਿੰਘ ਭੱਠਲ, ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਕਹਾਣੀਕਾਰ ਸੁਖਜੀਤ (ਮਾਛੀਵਾੜਾ), ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਦੇ ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ, ਗੁਰਭਗਤ ਸਿੰਘ ਗਿੱਲ ਸ੍ਰੀ ਭੈਣੀ ਸਾਹਿਬ, ਪ੍ਰੋ. ਜਸਵੀਰ ਸਿੰਘ ਸ਼ਾਇਰ ਨੇ ਵਿਚਾਰ ਚਰਚਾ ਵਿੱਚ ਭਾਗ ਲਿਆ। ਪੰਜਾਬੀ ਲੋਕ ਵਿਰਾਸਤ ਅਕਾਦਮੀ, ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਵਿਚਾਰ ਕਰਦਿਆਂ ਕਿਹਾ ਕਿ ਇਹ ਸਲਾਹੁਣਯੋਗ ਖੋਜ ਕਾਰਜ ਹੈ ਜਿਸ ਦੀ ਪੜ੍ਹਤ ਉਪਰੰਤ ਇਹ ਕਹਿਣਾ ਉਚਿਤ ਜਾਪਦਾ ਹੈ ਕਿ ਡਾ. ਪਰਮਜੀਤ ਕੌਰ ਨੇ 'ਗੁਰੂ ਸਾਹਿਬਾਨ ਦੇ ਰੰਗ ਵਿੱਚ ਰੱਤੇ ਰਹਿਤਵਾਨ ਸਿੱਖਾਂ' ਦੀ ਇਤਿਹਾਸਕ ਵਾਰਤਾ ਸੁਖੈਨ ਭਾਸ਼ਾ ਵਿੱਚ ਸਾਨੂੰ ਸੁਣਾਈ ਹੈ। ਇਸ ਵਿੱਚ ਵਿਸ਼ੇਸ਼ ਬਰਾਦਰੀ "ਰੱਤੀਆ "ਤਥਾ ਰਹਿਤ ਮਰਿਆਦਾ ਵਿੱਚ ਰਹਿ ਕੇ ਗੁਰੂ ਆਸ਼ੇ ਅਨੁਸਾਰ ਜੀਵਨ ਬਤੀਤ ਕਰਨ ਵਾਲੇ ਬਾਬਾ ਗੋਦੜੀਆ ਸਿੰਘ ਤੇ ਉਨ੍ਹਾਂ ਦੇ ਜਥੇ ਦਾ ਵਿਹਾਰਕ ਜੀਵਨ ਕਲਮ ਬੱਧ ਕੀਤਾ ਹੈ। ਅਜਿਹੀ ਖੋਜ ਕਿਸੇ ਵੀ ਨਿਵੇਕਲੇ ਖੇਤਰ ਬਾਰੇ ਮਹੱਤਵਪੂਰਨ ਤਾਂ ਹੈ ਹੀ ਖੋਜ ਆਧਾਰਤ ਸਿੱਖ ਸਾਹਿਤ ਵਿੱਚ ਵੀ ਸ਼ੁਭ ਕਦਮ ਹੈ। ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਕਹਾਣੀਕਾਰ ਸੁਖਜੀਤ ਨੇ ਕਿਹਾ ਕਿ ਅੰਗਰੇਜ਼ੀ ਵਿਸ਼ੇ ਦੇ ਪ੍ਰੋਫ਼ੈਸਰ ਹੋਣ ਉਪਰੰਤ ਵੀ ਡਾ. ਪਰਮਜੀਤ ਕੌਰ ਹੁਰਾਂ ਨੇ ਆਪਣੀ ਬਰਾਦਰੀ ਦੇ ਇਤਿਹਾਸ ਨੂੰ ਪੰਜਾਬੀ ਵਿੱਚ ਲਿਖ ਕੇ ਪੁੰਨ ਖੱਟਿਆ ਹੈ ਕਿਉਂ ਜੋ ਪੰਜਾਬੀ ਰਹਿਤਲ ਦਾ ਅਸਲ ਬਿਰਤਾਂਤ ਠੇਠ ਪੰਜਾਬੀ ਭਾਸ਼ਾ ਵਿੱਚ ਹੀ ਸਿਰਜਿਆ ਜਾ ਸਕਦਾ ਹੈ। ਉਨ੍ਹਾਂ ਡਾ. ਪਰਮਜੀਤ ਕੌਰ ਦੇ ਬਿਆਨ ਢੰਗ ਦੀ ਵੀ ਤਾਰੀਫ਼ ਕੀਤੀ।

ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਸਾਬਕਾ ਪ੍ਰਧਾਨ ਪ੍ਰੋ. ਰਵਿੰਦਰ ਸਿੰਘ ਭੱਠਲ ਨੇ ਕਿਹਾ ਕਿ ਸਿੱਖ ਇਤਿਹਾਸ ਬੜਾ ਅਮੀਰ ਵਿਰਸਾ ਹੈ ਜਿੱਥੇ ਗੁਰੂ ਮਰਿਆਦਾ ਵਿੱਚ ਰਹਿ ਕੇ ਅਨੇਕਾਂ ਸੂਰਬੀਰਾਂ ਯੋਧਿਆਂ ਨੇ ਆਪਣੇ ਜੀਵਨ ਕੁਰਬਾਨ ਕੀਤਾ ਤੇ ਰੂਹਾਨੀ ਸਫ਼ਰ ਤਹਿ ਕੀਤਾ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ ਨੇ ਕਿਹਾ ਕਿ ਪੰਜਾਬੀ ਵਾਰਤਕ ਆਪਣੇ ਨਵੇਂ ਆਯਾਮ ਸਿਰਜ ਰਹੀ ਹੈ। ਜਿਸ ਰਾਹੀਂ ਸਾਦ ਮੁਰਾਦੀ ਜ਼ਿੰਦਗੀ ਨੂੰ ਬੜੀ ਹੀ ਅਕੀਦਤ ਭਰੀ ਭਾਵਨਾ ਨਾਲ? ਉਸਾਰਿਆ ਜਾ ਰਿਹਾ ਹੈ। ਡਾ. ਪਰਮਜੀਤ ਕੌਰ ਦੀ ਹੱਥਲੀ ਪੁਸਤਕ ਨਿੱਜ ਤੋਂ ਪਰ ਤੱਕ ਦੇ ਬਿਰਤਾਂਤ ਦੀ ਵਿਲੱਖਣ ਪਹੁੰਚ ਕਹੀ ਜਾ ਸਕਦੀ ਹੈ। ਲਫ਼ਜ਼ਾਂ ਦੀ ਦੁਨੀਆ ਸਾਹਿਤ ਸਭਾ, ਨਕੋਦਰ ਦੇ ਪ੍ਰਧਾਨ ਪ੍ਰੋ. ਜਸਵੀਰ ਸਿੰਘ 'ਸ਼ਾਇਰ' ਨੇ ਕਿਹਾ ਕਿ 'ਰੱਤੀਆ ਰਹਿਤਵਾਨ ਸਿੱਖ:ਇੱਕ ਅਧਿਐਨ' ਰਾਹੀਂ ਡਾ. ਪਰਮਜੀਤ ਕੌਰ ਹੁਰਾਂ ਰੱਤੀਆ/ ਰਹਿਤਵਾਨ ਬਰਾਦਰੀ ਦੇ ਮਹਾਨ ਨਾਇਕ ਦੀ ਘੋਖ ਦਾ ਨੇਕ ਕਾਰਜ ਕੀਤਾ ਹੈ। ਨਵੀਂ ਪੀੜ੍ਹੀ ਲਈ ਉਨ੍ਹਾ ਮੁੱਲਵਾਨ ਪੁਸਤਕ ਦੀ ਸਿਰਜਣਾ ਕਰਕੇ ਬੜਾ ਮਾਣ ਮੱਤਾ ਕਾਰਜ ਕੀਤਾ ਹੈ।

# ਰਾਜੋਮਾਜਰਾ ਵਿਖੇ ਆਮ ਆਦਮੀ ਕਲੀਨਿਕ ਦਾ ਉਦਘਾਟਨੀ ਸਮਾਰੋਹ 14 ਨੂੰ - ਮੁੱਖ ਮੰਤਰੀ ਦੇ ਆਗਮਨ ਦੀ ਪੂਰੀ ਸੰਭਾਵਨਾ

• ਸ਼ੇਰਪੁਰ/ਹਰਜੀਤ ਸਿੰਘ ਕਾਤਿਲ

ਪੰਜਾਬ ਸਰਕਾਰ ਵਲੋਂ ਰਾਜੋਮਾਜਰਾ ਵਿਖੇ ਆਮ ਆਦਮੀ ਕਲੀਨਿਕ ਦੇ ਉਦਘਾਟਨ ਦੌਰਾਨ 14 ਅਗਸਤ ਨੂੰ ਰਾਜ ਪੱਧਰੀ ਸਮਾਰੋਹ ਆਯੋਜਿਤ ਕੀਤਾ ਜਾ ਰਿਹਾ ਹੈ। ਜਿਸ ਵਿੱਚ ਮਾਨਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਪਹੁੰਚਣ ਦੀ ਸੰਭਾਵਨਾ ਹੈ ।ਅੱਜ ਇਸ ਸਬੰਧੀ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਸਬ ਡਵੀਜਨ ਮੈਜਿਸਟ?ਰੇਟ ਧੂਰੀ ਸ੍ਰੀ ਅਮਿਤ ਗੁਪਤਾ , ਯੋਗੇਸ਼ ਸ਼ਰਮਾ ਐਸ ਪੀ ਧੂਰੀ , ਡਾਕਟਰ ਪਰਮਿੰਦਰ ਕੌਰ ਸਿਵਲ ਸਰਜਨ ਸੰਗਰੂਰ , ਸਬ ਇੰਸਪੈਕਟਰ ਜਗਦੀਪ ਸਿੰਘ ਥਾਣਾ ਮੁਖੀ ਸਦਰ ਧੂਰੀ ਵੱਲੋਂ ਉਸ ਸਥਾਨ ਦਾ ਦੌਰਾ ਕੀਤਾ ਗਿਆ। ਇਸ ਮੌਕੇ ਡਾਕਟਰ ਮੁਹੰਮਦ ਅਖਤਰ ਸੀਨੀਅਰ ਮੈਡੀਕਲ ਅਫਸਰ ਧੂਰੀ/ ਸ਼ੇਰਪੁਰ, ਤਰਸੇਮ ਸਿੰਘ ਬੀ ਈ ਈ ਸ਼ੇਰਪੁਰ , ਸੰਦੀਪ ਕੌਰ ਸਾਬਕਾ ਸਰਪੰਚ ਰਾਜੋਮਾਜਰਾ , ਕੈਪਟਨ ਪਿਆਰਾ ਸਿੰਘ ਸੇਵਾ ਮੁਕਤ, ਪੰਚਾਇਤ ਸੈਕਟਰੀ ਹਰਿੰਦਰ ਸਿੰਘ ਸੇਵਾ ਮੁਕਤ , ਡਾਕਟਰ ਅਨੂਪਮ ਬਾਂਸਲ ਆਰਐਮਓ, ਕਮਲਜੀਤ ਕੌਰ ਫਾਰਮੇਸੀ ਅਫਸਰ, ਜਗਜੀਤ ਸਿੰਘ ਮਲਟੀ ਪਰਪਜ਼ ਹੈਲਥ ਵਰਕਰ ਮੇਲ ਤੋਂ ਇਲਾਵਾ ਹੋਰ ਵੀ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।





# ਪੁਲਿਸ ਕਮਿਸ਼ਨਰੇਟ ਲੁਧਿਆਣਾ ਦੀ ਹਦੂਦ ਅੰਦਰ ਚਾਇਨਾ ਮੇਡ ਡੋਰ ਦੀ ਵਿਕਰੀ, ਸਟੋਰ ਅਤੇ ਵਰਤੋਂ ਕਰਨ 'ਤੇ ਪਾਬੰਦੀ ਹੁਕਮ ਜਾਰੀ

• ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ

ਡਿਪਟੀ ਕਮਿਸ਼ਨਰ ਪੁਲਿਸ, ਸਥਾਨਕ, ਲੁਧਿਆਣਾ ਰੁਪਿੰਦਰ ਸਿੰਘ ਪੀ.ਪੀ.ਐਸ. ਨੇ ਜ਼ਾਬਤਾ ਫੌਜਦਾਰੀ ਸੰਘਤਾ 1973 (1974 ਦਾ ਐਕਟ ਨੰ 2) ਦੀ ਧਾਰਾ 144 ਸੀ.ਆਰ.ਪੀ.ਸੀ. ਅਧੀਨ ਸੌਂਪੇ ਗਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਪੁਲਿਸ ਕਮਿਸ਼ਨਰੇਟ, ਲੁਧਿਆਣਾ ਦੇ ਇਲਾਕੇ ਅੰਦਰ ਚਾਇਨਾ ਮੇਡ ਡੋਰ (ਸਿੰਥੈਟਿਕ ਪਲਾਸਟਿਕ ਦੀਆਂ ਬਣੀਆਂ ਚਾਇਨਾ ਮੇਡ ਜਾਂ ਹੋਰ ਡੋਰਾਂ ਜੋ ਪਤੰਗ ਬਾਜੀ ਲਈ ਵਰਤੀਆਂ ਜਾਂਦੀਆਂ ਹਨ) ਦੀ ਵਿਕਰੀ ਕਰਨ, ਸਟੋਰ ਕਰਨ ਅਤੇ ਵਰਤੋਂ ਕਰਨ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਡਿਪਟੀ ਕਮਿਸ਼ਨਰ ਪੁਲਿਸ ਨੇ ਦੱਸਿਆ ਕਿ ਕਮਿਸ਼ਨਰੇਟ ਪੁਲਿਸ ਦੇ ਇਲਾਕਿਆਂ ਅੰਦਰ ਵੱਖ-ਵੱਖ ਦੁਕਾਨਾਂ 'ਤੇ ਬਹੁਤ ਹੀ ਖ਼ਤਰਨਾਕ ਚਾਈਨਾ ਮੇਡ ਡੋਰਾਂ (ਸਿੰਥੈਟਿਕ ਪਲਾਸਟਿਕ ਦੀਆਂ ਬਣੀਆ ਚਾਈਨਾ ਮੇਡ ਜਾਂ ਹੋਰ ਡੋਰਾਂ ਜੋ ਪਤੰਗ ਬਾਜੀ ਲਈ ਵਰਤੀਆਂ ਜਾਂਦੀਆਂ ਹਨ), ਵਿਕ ਰਹੀਆਂ ਹਨ, ਜੋ ਕਿ ਬਹੁਤ ਹੀ ਖਤਰਨਾਕ ਡੋਰ ਹੈ, ਕਾਫੀ ਸਖ਼ਤ ਅਤੇ ਨਾ-ਟੁੱਟਣਯੋਗ ਹਨ। ਇਹ ਮਨੁੱਖੀ ਜੀਵਨ ਲਈ ਖ਼ਤਰਨਾਕ ਹਨ ਅਤੇ ਇਹਨਾਂ ਦੀ ਵਰਤੋਂ ਨਾਲ ਕੋਈ ਵੀ ਮੰਦਭਾਗੀ ਘਟਨਾ ਵਾਪਰ ਸਕਦੀ ਹੈ। ਆਮ ਜਨਤਾ ਦੇ ਜਾਨ-ਮਾਲ ਦੀ ਸੁਰੱਖਿਆ ਲਈ ਇਹ ਹੁਕਮ ਲਾਗੂ ਕੀਤੇ ਗਏ ਹਨ। ਉਨ੍ਹਾਂ ਜਾਰੀ ਹੁਕਮਾਂ ਵਿੱਚ ਕਿਹਾ ਕਿ ਜੇਕਰ ਇਨ੍ਹਾਂ ਹੁਕਮਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਜੁਰਮ ਅ/ਧ 05 ਵਾਤਾਵਰਨ ਪ੍ਰੋਟੈਕਸ਼ਨ ਐਕਟ 1986 ਅਤੇ 188 ਭ:ਦੰਡ ਤਹਿਤ ਬਣਦੀ ਕਾਨੂੰਨੀ ਕਾਰਵਾਈ ਅਮਲੀ ਵਿੱਚ ਲਿਆਂਦੀ ਜਾਵੇਗੀ। ਇਹ ਪਾਬੰਦੀ ਹੁਕਮ ਅਗਲੇ ਦੋ ਮਹੀਨੇ ਤੱਕ ਲਾਗੂ ਰਹਿਣਗੇ।

# ਅੱਖੀਆਂ



ਅੱਖੀਆਂ ਬਾਝ ਹੈ ਜੀਵਣਾ ਬੜਾ ਔਖਾ,
ਅੰਗ ਸਰੀਰ ਦਾ ਜਰੂਰੀ ਕਹਾਉਂਦੀਆਂ ਨੇ।
ਰੱਖੋ ਸਾਂਭ ਸੰਭਾਲ ਤੁਸੀਂ ਅੱਖੀਆਂ ਦੀ,
ਅੱਖੀਆਂ ਜੀਵਨ ਦਾ ਢੰਗ ਸਿਖਾਉਂਦੀਆਂ ਨੇ।
ਕਿਸੇ ਕਾਰਨ ਜੇਕਰ ਅੱਖੀਆਂ ਖ਼ਰਾਬ ਹੋਵਣ,
ਐਨਕ ਬਹੁਤ ਜ਼ਰੂਰੀ ਹੈ ਅੱਖੀਆਂ ਲਾਈ ,
ਗੰਦੀਆਂ ਉਂਗਲਾਂ ਅੱਖੀਆਂ ਵਿੱਚ ਨਾ ਮਾਰੋ,
ਗੰਦਾ ਰੁਮਾਲ ਵੀ ਚੰਗਾ ਨਹੀਂ ਅੱਖੀਆਂ ਲਈ।
ਸਲਾਹ ਡਾਕਟਰ ਦੀ ਨਾਲ ਤੁਸੀਂ ਲਉ ਦਾਰੂ,
ਸੁਰਮੇਂ ਸਲਾਈਆਂ ਨਾ ਤੁਸੀਂ ਪਾਉਣੀਆਂ ਨੇ।
ਸਾਫ਼ ਪਾਣੀ ਦੇ ਛਿੱਟੇ ਬਾਰ ਬਾਰ ਮਾਰੋ,
ਧੂੜ ਕਣ ਤੋਂ ਅੱਖੀਆਂ ਬਚਾਉਣੀਆਂ ਨੇ ।
ਵਿਟਾਮਿਨ ਪਰਭੂਰ ਭੋਜਨ ਤੁਸੀਂ ਲੈਣਾਂ,
ਹਰੀਆਂ ਸਬਜ਼ੀਆਂ ਦੁੱਧ ਦਹੀਂ ਜ਼ਰੂਰੀ ਲੈਵਣਾਂ ਜੀ।
ਟਮਾਟਰ,ਗਾਜਰ, ਆਂਡੇ ਅਤੇ ਬੰਦ ਗੋਭੀ,
ਆਪਣੀ ਖੁ?ਰਾਕ ਵਿੱਚ ਜਰੂਰ ਮਿਲਾਵਣਾਂ ਜੀ।
ਅਗਰ ਫਿਰ ਵੀ ਅੱਖਾਂ ਨਾ ਠੀਕ ਹੋਵਣ,
ਨੇੜੇ ਸਿਹਤ ਕੇਂਦਰ ਵਿੱਚ ਜਾਵਣਾਂ ਜੀ।
ਉਦੋਕੇ ਨਿਮਾਣਾ ਹੈ ਅਰਜ਼ ਕਰਦਾ,
ਤੁਸੀਂ ਕਦੇ ਨਾ ਦੇਰ ਲਗਾਵਣਾਂ ਜੀ ।

ਲੇਖਕ--ਜਗਨ ਨਾਥ ਉਦੋਕੇ ਨਿਮਾਣਾ,
ਸੀ -7, ਚੰਦਰ ਨਗਰ ਬਟਾਲਾ।
9501389922

# 15 ਨੂੰ ਮੁੱਖ ਮੰਤਰੀ ਦਾ ਹੋਵੇਗਾ ਕਾਲੀਆਂ ਝੰਡੀਆਂ ਨਾਲ ਵਿਰੋਧ ਪ੍ਰਦਰਸ਼ਨ : ਆਗੂ

## ਆਊਟਸੋਰਸਡ ਇੰਨਲਿਸਟਮੈਂਟ ਮੁਲਾਜ਼ਮਾਂ ਨੂੰ ਪੱਕਾ ਕਰਨ ਦੀ ਕਰ ਰਹੇ ਹਾਂ ਮੰਗ



• ਸ਼੍ਰੀ ਅਨੰਦਪੁਰ ਸਾਹਿਬ/ ਦਵਿੰਦਰਪਾਲ ਸਿੰਘ

ਅੱਜ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਸ਼੍ਰੀ ਅਨੰਦਪੁਰ ਸਾਹਿਬ ਦੀ ਹੰਗਾਮੀ ਮੀਟਿੰਗ ਸੱਦੀ ਗਈ। ਜਿਸ ਵਿਚ ਵੱਡੀ ਗਿਣਤੀ ਵਿਚ ਵੱਖ ਵੱਖ ਜਥੇਬੰਦੀਆਂ ਤੋਂ ਆਗੂ ਅਤੇ ਵਰਕਰ ਹਾਜ਼ਰ ਹੋਏ। ਇਸ ਦੌਰਾਨ ਸ਼੍ਰੀ ਅਨੰਦਪੁਰ ਸਾਹਿਬ ਤੋਂ ਮੋਰਚੇ ਦੇ ਆਗੂ ਕਪਿਲ ਮਹਿੰਦਲੀ, ਮੱਖਣ ਕਾਲਸ, ਪੀਊਸ ਝਿੰਜੜੀ, ਚੇਤਨ ਸ਼ਰਮਾ, ਹਰਮਨਜੀਤ ਸਿੰਘ, ਜਸਵਿੰਦਰ ਸਿੰਘ, ਜਸਵੀਰ ਜਿੰਦਵੜੀ ਨੇ ਦੱਸਿਆ ਕਿ ਪਿਛਲੇ ਲਗਭਗ ਡੇਢ ਸਾਲ ਦੇ ਅਰਸੇ ਦੌਰਾਨ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵਲੋਂ ਮਾਣਯੋਗ ਮੁੱਖ ਮੰਤਰੀ ਪੰਜਾਬ ਨੂੰ ਸੈਂਕੜੇ ਮੰਗ ਪੱਤਰ ਭੇਜ ਕੇ ਮੀਟਿੰਗ ਦਾ ਸਮਾਂ ਮੰਗਿਆ ਜਾ ਰਿਹਾ ਹੈ।ਪਰ ਮਾਣਯੋਗ ਮੁੱਖ ਮੰਤਰੀ ਸਾਹਿਬ ਵਲੋਂ ਆਊਟਸੋਰਸਡ ਇੰਨਲਿਸਟਮੈਂਟ ਮੁਲਾਜ਼ਮਾਂ ਨੂੰ ਪੱਕਾ ਕਰਨਾ ਤਾਂ ਦੂਰ ਸਗੋਂ 20 (ਵੀਹ) ਵਾਰ ਚੰਡੀਗੜ੍ਹ ਬੁਲਾ ਕੇ ਮੀਟਿੰਗ ਤੱਕ ਨਹੀਂ ਕੀਤੀ ਜਾ ਗਈ, ਜਿਸ ਤੋਂ ਅੱਕ ਕੇ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੀ ਸੂਬਾ ਕਮੇਟੀ ਵਲੋਂ 15 ਅਗਸਤ ਨੂੰ ਮਾਣਯੋਗ ਮੁੱਖ ਮੰਤਰੀ ਦਾ ਕਾਲੀਆਂ ਝੰਡੀਆਂ ਸਹਿਤ ਲੋਕਤੰਤਰੀ ਪ੍ਰਣਾਲੀ ਤਹਿਤ ਵਿਰੋਧ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਗਿਆ ਹੈ। ਤਾਂ ਜ਼ੋ ਗੂੰਗੀ ਬੋਲੀ ਸਰਕਾਰ ਤੱਕ ਆਊਟਸੋਰਸਡ ਇੰਨਲਿਸਟਮੈਂਟ ਮੁਲਾਜ਼ਮਾਂ ਦੀ ਅਵਾਜ਼ ਪਹੁੰਚਾਈ ਜਾ ਸਕੇ। ਆਗੂਆਂ ਨੇ ਦੱਸਿਆ ਕਿ ਇਹ ਸਥਿਤੀ ਇਥੋਂ ਦੀ ਸਰਕਾਰ ਵਲੋਂ ਪੈਦਾ ਕੀਤੀ ਗਈ ਹੈ। ਕਿਉਂਕਿ ਮੀਟਿੰਗਾਂ ਦੇ ਕੇ ਵੀ ਮੀਟਿੰਗ ਨਹੀਂ ਕੀਤੀ ਜਾ ਰਹੀ। ਸਗੋਂ ਲਾਰੇ ਲਾਏ ਜਾ ਰਹੇ ਹਨ। ਹੁਣ ਪ੍ਰਸ਼ਾਸਨ ਵਲੋਂ ਇਹ ਪ੍ਰੋਗਰਾਮ ਨੂੰ ਫੇਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਜਿਸ ਤੋਂ ਚਕੱਨੇ ਵਰਕਰ ਇਹ ਪ੍ਰੋਗਰਾਮ ਹਰ ਹਾਲਤ ਵਿੱਚ ਸਿਰੇ ਚਾੜਨਗੇ।ਆਗੂਆਂ ਨੇ ਦੱਸਿਆ ਕਿ ਸ਼੍ਰੀ ਅਨੰਦਪੁਰ ਸਾਹਿਬ ਤੋਂ ਠੇਕਾ ਮੁਲਾਜ਼ਮ ਦਾ ਵੱਡਾ ਇਕੱਠ ਇਸ ਪ੍ਰੋਗਰਾਮ ਲਈ ਰਵਾਨਾਂ ਹੋਵੇਗਾ ਅਤੇ ਸੂਬਾ ਕਮੇਟੀ ਵਲੋਂ ਸ਼੍ਰੀ ਅਨੰਦਪੁਰ ਸਾਹਿਬ ਦੀ ਜ਼ੋ ਵੀ ਡਿਊਟੀ ਲਗਾਈ ਜਾਵੇਗੀ ਉਸ ਨੂੰ ਇੱਕ ਇੱਕ ਵਰਕਰ ਆਪਣੀ ਜਾਨ ਦੀ ਬਾਜ਼ੀ ਲਾ ਕੇ ਵੀ ਪੂਰੀ ਕਰੇਗਾ।

# ਆਸਰਾ ਫਾਊਂਡੇਸ਼ਨ ਵਲੋਂ ਅਜ਼ਾਦੀ ਦਿਹਾੜੇ ਦੀ 76ਵੀਂ ਵਰ੍ਹੇਗੰਢ ਮੌਕੇ ਵੱਖ-ਵੱਖ ਥਾਵਾਂ ਤੇ 77 ਬੂਟੇ ਲਗਾਉਣ ਦਾ ਫੈਂਸਲਾ



• ਸ਼੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ

ਆਜ਼ਾਦੀ ਦਾ ਅੰਮ੍ਰਿਤ ਮਹਾਂਉਤਸਵ ਦੇ ਤਹਿਤ ਆਜ਼ਾਦੀ ਦਿਹਾੜੇ ਦੀ 76ਵੀਂ ਵਰ੍ਹੇਗੰਢ ਮੌਕੇ ਆਸਰਾ ਫਾਊਂਡੇਸ਼ਨ (ਰਜਿ:) ਸ੍ਰੀ ਅਨੰਦਪੁਰ ਸਾਹਿਬ ਵਲੋਂ ਇਲਾਕੇ ਦੀਆਂ ਵੱਖਵੱਖ ਥਾਵਾਂ ਤੇ 77 ਬੂਟੇ ਲਗਾਉਣ ਦਾ ਫੈਂਸਲਾ ਕੀਤਾ ਗਿਆ ਹੈ। ਇਸ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਆਸਰਾ ਫਾਊਂਡੇਸ਼ਨ ਦੇ ਪ੍ਰਧਾਨ ਨਵੀਨ ਕੁਮਾਰ ਨੇ ਦੱਸਿਆ ਕਿ ਆਜ਼ਾਦੀ ਦਿਹਾੜੇ ਦੀ 76ਵੀਂ ਵਰ੍ਹੇਗੰਢ ਨੂੰ ਜਿਥੇ ਦੇਸ਼ ਭਰ ਵਿਚ ਪੂਰੇ ਉਤਸ਼ਾਹ ਅਤੇ ਜਾਹੋ ਜਲਾਲ ਦੇ ਨਾਲ ਮਨਾਇਆ ਜਾ ਰਿਹਾ ਹੈ ਉਥੇ ਹੀ ਵਾਤਾਵਰਨ ਨੂੰ ਸਮਰਪਿਤ ਸੰਸਥਾ ਆਸਰਾ ਫਾਊਂਡੇਸ਼ਨ ਵਲੋਂ ਵੀ ਵਾਤਾਵਰਨ ਦੀ ਸ਼ੁੱਧਤਾ ਵਿਚ ਯੋਗਦਾਨ ਪਾਉਂਦੇ ਹੋਏ ਇਲਾਕੇ ਦੇ ਵੱਖ-ਵੱਖ ਥਾਵਾਂ ਤੇ 77 ਛਾਂਦਾਰ ਤੇ ਫਲਦਾਰ ਬੂਟੇ ਲਗਾਉਣ ਦਾ ਫੈਂਸਲਾ ਕੀਤਾ ਗਿਆ ਹੈ।ਉਹਨਾਂ ਦੱਸਿਆ ਕਿ ਸੰਸਥਾ ਪਿਛਲੇ ਲੰਮੇ ਸਮੇਂ ਤੋਂ ਵੱਖਵੱਖ ਥਾਵਾਂ ਤੇ ਬੂਟੇ ਲਗਾਕੇ, ਵੰਡਕੇ ਅਤੇ ਪੌਣ ਪਾਣੀ ਦੀ ਸਾਂਭ ਸੰਭਾਲ ਬਾਰੇ ਲੋਕਾਂ ਨੂੰ ਜਾਗਰੂਕ ਕਰਕੇ ਵਾਤਾਵਰਨ ਦੀ ਸ਼ੁੱਧਤਾ ਵਿਚ ਆਪਣਾ ਵਡਮੁੱਲਾ ਯੋਗਦਾਨ ਪਾ ਰਹੀ ਹੈ ਤਾਂ ਜੋ ਸਾਨੂੰ ਅਤੇ ਸਾਡੀਆਂ ਆਉਣ ਵਾਲੀਆਂ ਪੀੜੀਆਂ ਨੂੰ ਸਾਫ ਸੁਥਰਾ ਤੇ ਸ਼ੁੱਧ ਪੌਣ ਪਾਣੀ ਮਿਲ ਸਕੇ।ਉਨ੍ਹਾਂ ਕਿਹਾ ਕਿ ਜੇਕਰ ਆਪਾਂ ਧਰਤੀ ਦੀ ਸੁਰੱਖਿਆ ਕਰਾਂਗੇ ਫਿਰ ਹੀ ਧਰਤੀ ਸਾਡੀ ਸੁਰੱਖਿਆ ਕਰੇਗੀ। ਇਸ ਮੌਕੇ ਉਹਨਾਂ ਨਾਲ ਦਵਿੰਦਰਪਾਲ ਸਿੰਘ, ਅੰਕੁਸ਼ ਕੁਮਾਰ, ਅਮਿਤ ਪੁਰੀ ਆਦਿ ਵੀ ਹਾਜ਼ਰ ਸਨ।

# ਪਿੰਡ ਬਣੀ 'ਚ ਪਹਿਲੀ ਵਾਰ ਉਤਸ਼ਾਹ ਨਾਲ ਮਨਾਇਆ ਤੀਆਂ ਦਾ ਤਿਉਹਾਰ






• ਸ਼੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ

ਸੁਖਵਿੰਦਰ ਕੌਰ ਘੱਗਾ ਪਤਨੀ ਐਡਵੋਕੇਟ ਪਰਵਿੰਦਰ ਸਿੰਘ ਘੱਗਾ ਵਲੋ ਉਪਰਾਲਾ ਕਰ ਕੇ ਪਿੰਡ ਦੀਆਂ ਔਰਤਾਂ ਦੀ ਮਦਦ ਨਾਲ ਪਿੰਡ ਬਣੀ 'ਚ ਪਹਿਲੀ ਵਾਰ ਤੀਆਂ ਦਾ ਤਿਉਹਾਰ ਮਨਾਇਆ ਗਿਆ।ਜਿਸ ਵਿਚ ਪਿੰਡ ਦੀਆਂ ਕੁੜੀਆਂ ਨੂੰ ਵਿਸੇਸ਼ ਤੌਰ ਤੇ ਬੁਲਾਇਆ ਗਿਆ ਤੇ ਸੰਧਾਰਾ ਦਿੱਤਾ ਗਿਆ।ਇਸ ਮੌਕੇ ਪਿ?ਸੀਪਲ ਸੁਖਪਾਲ ਕੌਰ ਵਾਲੀਆ ਅਤੇ ਡਾ? ਵਨੀਤਾ ਘਈ ਵਲੋ ਮੁਖ ਮਹਿਮਾਨ ਵਜੋਂ ਸਿ?ਰਕਤ ਕੀਤੀ ਗਈ। ਇਸ ਮੌਕੇ ਮੁਟਿਆਰਾਂ ਵਲੋਂ ਗਿੱਧਾ, ਭੰਗੜਾ, ਬੋਲੀਆਂ ਪਾ ਕੇ 'ਤੇ ਪੀਘਾਂ ਝੂਟ ਕੇ ਖੂਬ ਮਨੋਰੰਜਨ ਵੀ ਕੀਤਾ ਗਿਆ। ਛੋਟੇ ਛੋਟੇ ਬੱਚਿਆਂ ਨੇ ਗਿੱਧਾ ਪਾ ਕੇ ਆਪਣੇ ਫਨ ਦਾ ਮੁਜ਼ਾਹਰਾ ਕੀਤਾ। ਇਸ ਮੌਕੇ ਸ਼ਾਇਨਾ ਮੇਕ ਓਵਰ ਬਿਊਟੀ ਪਾਰਲਰ ਦੀ ਟੀਮ ਨੇ ਵਿਸੇਸ਼ ਪਰਫਾਰਮੈਂਸ ਦਿੱਤੀ ਜੋ ਕਿ ਖਿੱਚ ਦਾ ਕੇਂਦਰ ਰਹੀ। ਇਸ ਮੌਕੇ ਪਿ?ਸੀਪਲ ਸੁਖਪਾਲ ਕੌਰ ਵਾਲੀਆ ਨੇ ਕਿਹਾ ਕਿ ਧੀਆਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਨ 'ਚ ਜਿਥੇ ਤੀਆਂ ਦੇ ਤਿਓਹਾਰ ਦੀ ਅਹਿਮ ਭੂਮਿਕਾ ਹੈ। ਉਹਨਾਂ ਕਿਹਾ ਕਿ ਔਰਤਾਂ ਤੋਂ ਬਿਨਾਂ ਸਾਡਾ ਸਮਾਜ ਅਧੂਰਾ ਹੈ ਤੇ ਔਰਤਾਂ ਦਾ ਮਾਣ ਸਤਿਕਾਰ ਹੀ ਪੰਜਾਬੀ ਵਿਰਸੇ ਦੀ ਪਹਿਚਾਨ ਹੈ ਇਸ ਮੌਕੇ ਜੋਤੀ, ਸੁਖਵਿੰਦਰ ਕੌਰ , ਕਰਮਜੀਤ ਕੌਰ, ਅੰਜੂ (ਪੰਚ), ਰੇਖਾ ਘੱਗਾ, ਨਰਿੰਦਰ ਕੌਰ, ਸੰਤੋਸ਼ ਕੌਰ, ਵੀਨਾ, ਸੋਨੀ, ਹਰਜੀਤ ਕੌਰ, ਰੇਖਾ , ਹਰਦੀਪ ਕੌਰ, ਸੁਨੀਤਾ ਦੇਵੀ, ਰਾਮ ਕੌਰ, ਰੀਨੂ, ਹਰਪ੍ਰੀਤ ਕੌਰ ਅਤੇ ਹੋਰ ਪਿੰਡ ਦੀਆਂ ਔਰਤਾਂ ਹਾਜ਼ਰ ਸਨ।

# ਕਟਾਰੂਚੱਕ ਨੂੰ ਘੇਰਨ ਲਈ ਮੰਤਰੀ ਦੇ ਹਲਕੇ 'ਚ ਕਾਂਗਰਸ ਦਾ ਧਰਨਾ ਪ੍ਰਦਰਸ਼ਨ ਅੱਜ, ਜ਼ਮੀਨ ਘੁਟਾਲੇ ਦੀਆਂ ਖੁੱਲਣਗੀਆਂ ਪਰਤਾਂ

- ਪ੍ਰਦੇਸ਼ ਪ੍ਰਧਾਨ ਰਾਜਾ ਵੜੰਗ ਦੀ ਅਗਵਾਈ 'ਚ ਹੱਲਾ ਬੋਲਣਗੇ ਸੂਬੇ ਦੇ ਵੱਡੇ ਲੀਡਰ
- ਅਰੁਨਾ ਚੌਧਰੀ ਨੇ ਸੰਘਰਸ਼ ਤਿੱਖਾ ਕਰਨ ਲਈ ਕੀਤੀ ਹੰਗਾਮੀ ਮੀਟਿੰਗ





• ਦੀਨਾਨਗਰ/ਡਾ.ਰਮੇਸ਼ ਸਰੰਗਲ

ਹਲਕਾ ਭੋਆ ਦੇ ਪਿੰਡ ਗੋਲ 'ਚ ਸਰਕਾਰੀ ਜ਼ਮੀਨ ਨੂੰ ਨਜਾਇਜ਼ ਢੰਗ ਨਾਲ ਵੇਚਣ ਦੇ ਮਾਮਲੇ 'ਚ ਘਿਰਦੇ ਨਜ਼ਰ ਆ ਰਹੇ ਹਲਕਾ ਵਿਧਾਇਕ ਤੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਦੇ ਖ਼ਿਲਾਫ਼ 13 ਅਗਸਤ ਨੂੰ ਕਾਂਗਰਸ ਪਾਰਟੀ ਧਰਨਾ ਪ੍ਰਦਰਸ਼ਨ ਕਰਕੇ ਹੱਲਾ ਬੋਲੇਗੀ। ਇਸ ਐਕਸ਼ਨ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜ??ਗ, ਨੇਤਾ ਵਿਰੋਧੀ ਧਿਰ ਪ੍ਰਤਾਪ ਸਿੰਘ ਬਾਜਵਾ ਅਤੇ ਸਾਬਕਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਸਮੇਤ ਜ਼ਿਲ੍ਹਾ ਗੁਰਦਾਸਪੁਰ ਤੇ ਪਠਾਨਕੋਟ ਦੇ ਕਾਂਗਰਸੀ ਆਗੂ ਤੇ ਵਰਕਰ ਸ਼ਾਮਲ ਹੋਣਗੇ।ਇਸਦੀਆਂ ਤਿਆਰੀਆਂ ਨੂੰ ਲੈ ਕੇ ਅੱਜ ਸਾਬਕਾ ਕੈਬਨਿਟ ਮੰਤਰੀ ਅਰੁਨਾ ਚੌਧਰੀ ਵੱਲੋਂ ਆਪਣੇ ਗ੍ਰਹਿ ਵਿਖੇ ਹੰਗਾਮੀ ਮੀਟਿੰਗ ਕੀਤੀ ਗਈ ਅਤੇ ਧਰਨੇ 'ਚ ਸ਼ਾਮਲ ਹੋਣ ਲਈ ਵਰਕਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ।ਮੀਟਿੰਗ ਵਿੱਚ ਸਾਬਕਾ ਜ਼ਿਲ੍ਹਾ ਪ੍ਰਧਾਨ ਅਸ਼ੋਕ ਚੌਧਰੀ ਵੀ ਸ਼ਾਮਲ ਹੋਏ।ਅਰੁਨਾ ਚੌਧਰੀ ਨੇ ਦੱਸਿਆ ਕਿ ਪ੍ਰਦੇਸ਼ ਪ੍ਰਧਾਨ ਦੀ ਅਗਵਾਈ ਵਿੱਚ ਹਜ਼ਾਰਾਂ ਕਾਂਗਰਸੀ ਵਰਕਰ ਐਤਵਾਰ ਸਵੇਰੇ 10 ਵਜੇ ਹਲਕਾ ਭੋਆ ਦੇ ਕਥਲੌਰ ਪੁੱਲ 'ਤੇ ਧਰਨਾ ਦੇਣਗੇ ਅਤੇ ਜ਼ਮੀਨ ਘੁਟਾਲੇ 'ਚ ਕਥਿਤ ਤੌਰ 'ਤੇ ਸ਼ਾਮਲ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਦੀ ਭੂਮਿਕਾ ਬਾਰੇ ਖੁਲਾਸੇ ਕਰਨਗੇ। ਉਨ੍ਹਾਂ ਕਿਹਾ ਕਿ ਬਡ? ਸ਼ਰਮ ਤੇ ਦੁੱਖ ਦੀ ਗੱਲ ਹੈ ਕਿ ਖ਼ੁਦ ਨੂੰ ਇਨਸਾਫ਼ ਪਸੰਦ ਸਰਕਾਰ ਹੋਣ ਦਾ ਦਾਅਵਾ ਕਰਨ ਵਾਲੀ ਭਗਵੰਤ ਮਾਨ ਸਰਕਾਰ ਪਿਛਲੇ ਲੰਮੇ ਸਮੇਂ ਤੋਂ ਆਪਣੇ ਲੀਡਰਾਂ ਨੂੰ ਬਚਾਉਣ 'ਚ ਲੱਗੀ ਹੈ ਜਦਕਿ ਵਿਰੋਧੀਆਂ ਖ਼ਿਲਾਫ਼ ਹਰੇਕ ਕਾਰਵਾਈ ਨੂੰ ਤੁਰੰਤ ਹੀ ਅਮਲ ਵਿੱਚ ਲਿਆ ਦਿੱਤਾ ਜਾਂਦਾ ਹੈ। ਜੋ ਲੋਕਤੰਤਰ ਦਾ ਘਾਣ ਹੈ। ਇਸੇ ਤਰ੍ਹਾਂ ਮਣੀਪੁਰ 'ਚ ਵਾਪਰੀਆਂ ਸ਼ਰਮਨਾਕ ਘਟਨਾਵਾਂ ਦੇ ਵਿਰੋਧ ਵਿੱਚ ਕੇਂਦਰ ਦੀ ਅੰਨ੍ਹੀ ਬੋਲੀ ਸਰਕਾਰ ਨੂੰ ਜਗਾਉਣ ਲਈ ਗੁਰਦਾਸਪੁਰ ਵਿਖੇ ਕੈਂਡਲ ਮਾਰਚ ਕਰਨ ਬਾਰੇ ਵੀ ਜਾਣਕਾਰੀ ਦਿੱਤੀ ਗਈ ਅਤੇ ਵਰਕਰਾਂ ਨੂੰ ਸ਼ਾਮ ਪੰਜ ਵਜੇ ਦੇ ਕਰੀਬ ਗੁਰਦਾਸਪੁਰ ਦੇ ਨਹਿਰੂ ਪਾਰਕ 'ਚ ਇੱਕਠੇ ਹੋਣ ਦੀ ਅਪੀਲ ਕੀਤੀ ਗਈ।ਅਰੁਨਾ ਚੌਧਰੀ ਨੇ ਦੱਸਿਆ ਕਿ ਇਸ ਕੈਂਡਲ ਮਾਰਚ ਵਿੱਚ ਵੀ ਕਾਂਗਰਸ ਦੇ ਵੱਡੇ ਲੀਡਰ ਅਗਵਾਈ ਕਰਨਗੇ।ਮੀਟਿੰਗ ਵਿੱਚ ਬਲਾਕ ਦੀਨਾਨਗਰ ਤੇ ਦੋਰਾਂਗਲਾ ਦੇ ਤਮਾਮ ਅਹੁਦੇਦਾਰ ਤੇ ਵਰਕਰ ਸ਼ਾਮਲ ਹੋਏ।

## ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ

# ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਦੀ ਅਗਵਾਈ ਹੇਠ ਕੀਤੀ ਗਈ ਜ਼ਿਲਾ ਕਾਂਗਰਸ ਕਮੇਟੀ ਦੀ ਮਹੀਨਾਵਾਰ ਮੀਟਿੰਗ



• **ਬਲਾਚੌਰ/ਜਤਿੰਦਰ ਪਾਲ ਸਿੰਘ ਕਲੇਰ**

ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਜਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਦੀ ਅਗਵਾਈ ਹੇਠ ਜ਼ਿਲ੍ਹਾ ਕਾਂਗਰਸ ਕਮੇਟੀ ਦੀ ਮਹੀਨਾਵਾਰ ਮੀਟਿੰਗ ਕੀਤੀ ਗਈ ਜਿਸ ਵਿੱਚ ਸਮੂਹ ਕਮੇਟੀ ਮੈਂਬਰਾਂ ਵੱਲੋਂ ਸ਼ਮੂਲੀਅਤ ਹੋਣ ਤੇ ਕਾਂਗਰਸ ਪਾਰਟੀ ਦੀ ਇੱਕਜੁਟਤਾ ਦਾ ਸਬੂਤ ਮਿਲਦੈ। ਜ਼ਿਲ੍ਹਾ ਪ੍ਰਧਾਨ ਨੇ ਮੀਟਿੰਗ ਵਿੱਚ ਸਮੂਹ ਮੈਂਬਰਾਂ ਨੂੰ ਉਨ੍ਹਾਂ ਵੱਲੋਂ ਹੜ੍ਹ ਪੀੜਤਾਂ ਦੀ ਕੀਤੀ ਗਈ ਸਹਾਇਤ ਦੀ ਸ਼ਲਾਘਾ ਕੀਤੀ। ਅਜੇ ਮੰਗਪੁਰ ਨੇ ਕਮੇਟੀ ਮੈਂਬਰਾਂ ਨੂੰ ਸ਼੍ਰੀ ਰਾਹੁਲ ਗਾਂਧੀ ਜੀ ਦੀ ਸੱਦਸਤਾ ਬਹਾਲ ਹੋਣ ਤੇ ਵਧਾਈ ਦਿੱਤੀ ਅਤੇ ਕਿਹਾ ਕਿ ਸਮੂਹ ਕਾਂਗਰਸ ਪਾਰਟੀ ਵਿੱਚ ਨਵੇਂ ਜੋਸ਼- ਖਰੋਸ਼ ਦਾ ਮਾਹੌਲ ਹੈ, ਸਾਰੇ ਪਾਰਟੀ ਆਗੂ ਅਤੇ ਵਰਕਰ ਵੱਧ-ਚੜ੍ਹ ਕੇ ਕਾਂਗਰਸ ਪਾਰਟੀ ਦੀ ਮਜਬੂਤੀ ਲਈ ਦਿਨ-ਰਾਤ ਇੱਕ ਕਰ ਰਹੇ ਹਨ। ਮੀਟਿੰਗ ਦਾ ਏਜੰਡਾ ਉਜਾਗਰ ਕਰਦੇ ਹੋਏ ਉਨ੍ਹਾਂ ਕਿਹਾ ਕਿ ਸੂਬਾ ਪੰਜਾਬ ਵਿੱਚ ਹੜ੍ਹ ਪੀੜਤਾਂ ਦੇ ਮੁਆਵਜ਼ੇ ਸੰਬੰਧੀ ਪੰਜਾਬ ਸਰਕਾਰ ਵਲੋਂ ਜੋ ਢਿੱਲ ਵਰਤੀ ਜਾ ਰਹੀ ਹੈ ਉਸ ਦੇ ਵਿਰੋਧ ਵਿੱਚ ਮਿਤੀ 17 ਅਗਸਤ ਦਿਨ ਵੀਰਵਾਰ ਨੂੰ ਜਿਲ੍ਹਾ-ਸ਼ਹੀਦ ਭਗਤ ਸਿੰਘ ਨਗਰ ਵਿਖੇ ਇੱਕ ਵਿਸ਼ਾਲ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ, ਜਿਸ ਲਈ ਉਨ੍ਹਾਂ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਮੈਂਬਰਾਂ ਨੂੰ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰ ਇਸ ਪ੍ਰਦਰਸ਼ਨ ਨੂੰ ਸਫਲ? ਬਣਾਉਣ ਦੀ ਅਪੀਲ ਕੀਤੀ। ਸਮੂਹ ਕਮੇਟੀ ਮੈਂਬਰਾਂ ਨੇ ਜ਼ਿਲ੍ਹਾ ਪ੍ਰਧਾਨ ਨੂੰ ਆਪਣਾ ਸਮਰਥਨ ਦਿੰਦੇ ਹੋਏ ਵੱਧ-ਚੜ੍ਹ ਕੇ ਇਸ ਧਰਨੇ ਵਿੱਚ ਸ਼ਾਮਲ ਹੋਣ ਦਾ ਵਾਇਦਾ ਦਿੱਤਾ। ਇਸ ਮੌਕੇ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਕਾਂਗਰਸ ਕਮੇਟੀ, ਚੌਧਰੀ ਬਲਵਿੰਦਰ ਭੁੰਬਲਾ ਵਾਈਸ ਪ੍ਰਧਾਨ ਜ਼ਿਲਾ ਕਾਂਗਰਸ ਕਮੇਟੀ, ਸਰਬਜੀਤ ਸਿੰਘ ਬਲਾਕ ਪ੍ਰਧਾਨ ਨਵਾਂਸ਼ਹਿਰ-2, ਅਮਰੀਕ ਸਿੰਘ ਜ਼ਿਲ੍ਹਾ ਪ੍ਰਧਾਨ ਬੀ.ਸੀ.ਸੈੱਲ, ਸੌਖੀ ਰਾਮ ਵੱਜੋਂ ਜ਼ਿਲ੍ਹਾ ਪ੍ਰਧਾਨ ਐਸ.ਸੀ.ਐੱਲ, ਕਸ਼ਮੀਰੀ ਲਾਲ ਮੀਤ ਪ੍ਰਧਾਨ , ਹਰਜੀਤ ਜਾਡਲੀ ਮੀਤ ਪ੍ਰਧਾਨ, ਵਿਜੇ ਕੁਮਾਰ ਮੀਤ ਪ੍ਰਧਾਨ, ਸ. ਗੁਰਦੇਵ ਸਿੰਘ ਰੀਹਲ ਮੀਤ ਪ੍ਰਧਾਨ, ਬਲਦੇਵ ਰਾਜ ਜਨਰਲ ਸੱਕਤਰ, ਧਰਮਪਾਲ ਭਰਥਲਾ ਜਨਰਲ ਸੱਕਤਰ, ਧਰਮਪਾਲ ਕਾਠਗੜ੍ਹ ਜਨਰਲ ਸੱਕਤਰ, ਕੁਲਵੀਰ ਸਿੰਘ ਜਨਰਲ ਸਕੱਤਰ, ਬਲਵੀਰ ਸਿੰਘ ਜਨਰਲ ਸਕਤਰ, ਸ. ਕੁਲਵਿੰਦਰ ਸਿੰਘ ਜਨਰਲ ਸਕਤਰ, ਹਰਦੀਪ ਸਿੰਘ ਸੱਕਤਰ, ਅਵਤਾਰ ਸਿੰਘ ਸੱਕਤਰ, ਬਲਵੀਰ ਕੁਮਾਰ ਬੀਰੀ ਸਕਤਰ, ਗੁਰਬਕਸ਼ ਸਿੰਘ ਸੱਕਤਰ, ਬਲਵਿੰਦਰ ਸਿੰਘ ਸਕਤਰ, ਜੋਗਿੰਦਰ ਸਿੰਘ ਬੁਲਾਰਾ, ਮਨਦੀਪ ਸਿੰਘ ਥਾਂਦੀ ਸੋਸ਼ਲ ਮੀਡੀਆਂ ਇੰਚਾਰਜ, ਗੁਰਿਦਰ ਗਿੰਦੀ ਕੋਆਰਡੀਨੇਟਰ ਸੋਸ਼ਲ ਮੀਡੀਆ ਬਲਾਚੌਰ, ਸੁਖਵਿੰਦਰ ਸਿੰਘ, ਚੌਧਰੀ ਪ੍ਰੇਮ ਸੱਕਤਰ ਬਲਾਕ ਕਮੇਟੀ ਸੜੋਆ, ਲਾਡੀ ਭੁੰਬਲਾ, ਰਾਜੂ ਠੇਕੇਦਾਰ, ਦੇਸ ਰਾਜ ਹਕਲਾ ਸਪੈਸ਼ਲ ਇਨਵਾਇਟੀ, ਡਾ. ਅਮ੍ਰਿਤ ਲਾਲ ਸਪੈਸ਼ਲ ਇਨਵਾਇਟੀ, ਬਲਵਿੰਦਰ ਸਿੰਘ ਸਪੈਸ਼ਲ ਇਨਵਾਇਟੀ, ਰਾਮਦਾਸ ਮੁਕੰਦਪੁਰ, ਜੋਗਾ ਸਿੰਘ ਸਪੈਸ਼ਲ ਇਨਵਾਇਟੀ ਆਦਿ ਹਾਜ਼ਰ ਸਨ।

## ਨਵਾਂਸ਼ਹਿਰ ਦੇ ਕਸਬਾ ਜਾਡਲਾ ਤੋਂ ਬਿਸਤ ਦੋਆਬ ਨਹਿਰ 'ਚੋਂ ਮਿਲੀ ਅਣਪਛਾਤੇ ਵਿਅਕਤੀ ਦੀ ਲਾਸ਼

• **ਬਲਾਚੌਰ/ਜਤਿੰਦਰ ਪਾਲ ਸਿੰਘ ਕਲੇਰ**

ਜਦੋਂ ਦੀ ਬਿਸਤ ਦੋਆਰ ਨਹਿਰ ਪੱਕੀ ਹੋਈ ਹੈ ਇਸ ਵਿੱਚ ਅਣਗਿਣਤ ਮੌਤਾਂ ਹੋ ਰਹੀਆਂ ਹਨ।ਪੱਕੀ ਨਹਿਰ ਹੋਣ ਕਾਰਨ ਇੱਕ ਵਾਰ ਜੋ ਵੀ ਵਿਅਕਤੀ ਇਸ ਨਹਿਰ ਵਿੱਚ ਗਿਰ ਜਾਂਦਾ ਹੈ ਉਹ ਵਿਅਕਤੀ ਮੌਤ ਦੇ ਮੂੰਹ ਵਿਚ ਚਲੇ ਜਾਂਦਾ ਹੈ। ਇਸੇ ਤਰ੍ਹਾਂ ਦਾ ਇਕ ਵਾਕਿਆ ਅੱਜ ਨਵਾਂਸ਼ਹਿਰ ਦੇ ਕਸਬਾ ਜਾਡਲਾ ਨਜ਼ਦੀਕ ਪਾਰਬਤੀ ਮੰਦਰ ਦੇ ਸਾਹਮਣੇ ਬਿਸਤ ਦੋਆਬ ਨਹਿਰ ਸਾਈਫਨ ਵਿਚ ਅੱਜ ਸਵੇਰੇ ਵਕਤ ਗਰੀਬ 9 ਵਜੇ ਅਣਪਛਾਤੀ ਲਾਸ਼ ਦੇਖਣ ਨੂੰ ਮਿਲੀ।ਮੌਕੇ ਤੇ ਜਾਡਲਾ ਚੌਂਕੀ ਇੰਚਾਰਜ ਏ ਐਸ ਆਈ ਜੋਗਿੰਦਰ ਸਿੰਘ ਆਪਣੀ ਪੁਲਿਸ ਪਾਰਟੀ ਦੇ ਨਾਲ ਪੁੱਜੇ ਅਤੇ ਬਿਸਤ ਦੋਆਬ ਨਹਿਰ 'ਚੋਂ ਉਕਤ ਲਾਸ ਨੂੰ ਬਾਹਰ ਕਢਵਾਇਆ। ਇਸ ਮੌਕੇ ਸਦਰ ਥਾਣਾ ਨਵਾਂਸ਼ਹਿਰ ਦੇ ਐਸਐਚ?ਓ ਗੁਰਦਿਆਲ ਸਿੰਘ ਨੇ ਦੱਸਿਆ ਕਿ ਇਸ ਲਾਸ ਦੀ ਪਹਿਚਾਣ ਨਹੀਂ ਹੋ ਸਕੀ ਹੈ, ਜਿਸ ਕਾਰਨ ਲਾਸ਼ ਨੂੰ ਨਵਾਂਸ਼ਹਿਰ ਦੇ ਸਰਕਾਰੀ ਹਸਪਤਾਲ ਦੀ ਮੋਰਚਰੀ ਵਿੱਚ ਅਗਲੇ 72 ਘੰਟੇ ਲਈ ਰਖਵਾ ਦਿੱਤਾ ਗਿਆ ਸੀ। ਸੋਸ਼ਲ ਮੀਡੀਆ ਤੇ ਖ਼ਬਰ ਚੱਲਣ ਉਪਰੰਤ ਵਿਅਕਤੀ ਦੀ ਹੋਈ ਪਹਿਚਾਣ। ਬਾਅਦ ਵਿੱਚ ਉਕਤ ਵਿਅਕਤੀ ਦੀ ਪਹਿਚਾਣ ਜਸਵੀਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਪਿੰਡ ਰੱਕੜਾਂ ਬੇਟ ਸਦਰ ਥਾਣਾ ਬਲਾਚੌਰ ਦੇ ਰੂਪ ਵਿੱਚ ਹੋਈ ਹੈ।



## ਨਾਮ ਸਿਮਰਨ ਅਭਿਆਸ ਅੱਜ





• **ਲੁਧਿਆਣਾ**

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ਼ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ, ਲੁਧਿਆਣਾ ਵਿਖੇ ਹਫਤਾਵਾਰੀ ਨਾਮ ਸਿਮਰਨ ਅਭਿਆਸ 13 ਅਗਸਤ ਦਿਨ ਐਤਵਾਰ ਨੂੰ ਰਾਤ 8:00 ਵਜੇ ਤੋਂ 9:00 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਕਰਨੈਲ ਸਿੰਘ ਤੇ ਖ਼ਜ਼ਾਨਚੀ ਸੁਰਜੀਤ ਸਿੰਘ ਖੁਰਾਣਾ ਵੱਲੋਂ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਵੱਧ ਤੋਂ ਵੱਧ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫ਼ਲ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ।

## ਭੁਪਿੰਦਰ ਸਿੰਘ ਮੱਕੜ ਨਮਿਤ ਅੰਤਿਮ ਅਰਦਾਸ ਅੱਜ



• **ਲੁਧਿਆਣਾ**

ਸ੍ਹ: ਭੁਪਿੰਦਰ ਸਿੰਘ ਮੱਕੜ ਰਿਟਾਇਰਡ ਅਫ਼ਸਰ ਨਗਰ ਕੌਂਸਲ ਗੋਨਿਆਣਾ ਮੰਡੀ ਸਪੁੱਤਰ ਸਵ: ਸ੍ਹ: ਤੇਜਾ ਸਿੰਘ ਮੱਕੜ ਜੋ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ 5 ਅਗਸਤ ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਉਹਨਾਂ ਦੀ ਆਤਮਿਕ ਸ਼ਾਂਤੀ ਲਈ ਅੰਤਿਮ ਅਰਦਾਸ 13 ਅਗਸਤ ਨੂੰ ਗੁਰਦੁਆਰਾ ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ ਵਿਖੇ 12 ਵਜੇ ਤੋਂ 1 ਵਜੇ ਤੱਕ ਹੋਵੇਗੀ।

# ਸ਼ੇਰਪੁਰ ਦੇ ਨੌਜਵਾਨਾਂ ਵੱਲੋਂ ਮਾਰੂ ਨਸ਼ਿਆਂ ਖ਼ਿਲਾਫ਼ ਇਕੱਤਰਤਾ ਅੱਜ



### ■ ਗੁਰਦੁਆਰਾ ਅਕਾਲ ਪ੍ਰਕਾਸ਼ ਸਾਹਿਬ ਸ਼ੇਰਪੁਰ ਵਿਖ਼ੇ ਅੱਜ ਸ਼ਾਮ 6 ਵਜੇ ਸੱਦੀ ਮੀਟਿੰਗ

• **ਸ਼ੇਰਪੁਰ/ਹਰਜੀਤ ਸਿੰਘ ਕਾਤਿਲ**

ਬੀਤੇ ਦਿਨੀਂ ਸ਼ੇਰਪੁਰ ਦੇ ਉੱਦਮੀ ਨੌਜਵਾਨਾਂ ਵੱਲੋਂ ਰਸਮੀ ਮੀਟਿੰਗ ਕਰਕੇ ਨਸ਼ੇ ਦੀ ਦਲਦਲ ਵਿੱਚ ਧਸੇ ਨੌਜਵਾਨਾਂ ਨੂੰ ਜਾਗਰੂਕ ਕਰਨ ਅਤੇ ਇਸ ਵਿੱਚੋਂ ਬਾਹਰ ਨਿਕਲਣ ਦਾ ਹੰਭਲਾ ਮਾਰਨ ਵਾਲੇ ਨੌਜਵਾਨਾਂ ਦੀ ਮੱਦਦ ਕਰਨ ਦਾ ਅਹਿਦ ਲਿਆ ਸੀ । ਹੁਣ ਇਸ ਸਬੰਧੀ ਸੋਸ਼ਲ ਮੀਡੀਆ ਤੇ ਪੋਸਟ ਸ਼ੇਅਰ ਕਰਕੇ ਸਮਾਜਸੇਵੀ ਡਾ ਕਰਨਵੀਰ , ਨੌਜਵਾਨ ਸੰਦੀਪ ਸਿੰਘ ਗੋਪੀ ਗਰੇਵਾਲ ਅਤੇ ਗੋਪੀ ਸ਼ੇਰਪੁਰੀਆ ਨੇ ਇਲਾਕੇ ਦੀ ਸੰਗਤ ਨੂੰ ਬੇਨਤੀ ਕੀਤੀ ਹੈ ਕਿ ਸ਼ੇਰਪੁਰ ਦੇ ਨੌਜਵਾਨਾਂ ਵੱਲੋਂ ਮਾਰੂ ਨਸ਼ਿਆਂ ਖ਼ਿਲਾਫ਼ ਗੁਰਦਵਾਰਾ ਅਕਾਲ ਪ੍ਰਕਾਸ਼ ਸਾਹਿਬ ਸ਼ੇਰਪੁਰ ਵਿਖ਼ੇ 13 ਅਗਸਤ ਨੂੰ ਸ਼ਾਮ 6 ਵਜੇ ਇੱਕ ਜਨਤਕ ਇਕੱਠ ਰੱਖਿਆ ਗਿਆ ਹੈ। ਜਿਸ ਵਿੱਚ ਇਲਾਕ? ਦੇ ਸਮੂਹ ਕਲੱਬਾਂ, ਸਮੂਹ ਪੱਤਰਕਾਰ ਭਾਈਚਾਰਾ, ਸਮੂਹ ਖਿਡਾਰੀਆਂ ,ਨੌਜਵਾਨੀ ਦਾ ਦਰਦ ਰੱਖਣ ਵਾਲੇ ਪਤਵੰਤੇ ਸੱਜਣ, ਸਮੂਹ ਪੰਚ ਸਰਪੰਚ , ਨੰਬਰਦਾਰ ਸਾਹਿਬਾਨ, ਸਾਰੀਆਂ ਕਿਸਾਨ ਯੂਨੀਅਨਾਂ, ਸਾਰੇ ਗੁਰੂ ਘਰਾਂ ਦੀਆਂ ਕਮੇਟੀਆਂ, ਇਲਾਕ? ਦੇ ਪ੍ਰਸ਼ਾਸ਼ਨ ਅਧਿਕਾਰੀ, ਸਮੂਹ ਕੈਮਿਸਟ ਭਾਈਚਾਰਾ, ਸਮੂਹ ਐਡਵੋਕੇਟ ਭਾਈਚਾਰੇ, ਸਾਰੇ ਦੁਕਾਨਦਾਰ ਵੀਰਾਂ ਅਤੇ ਦੁਖੀ ਮਾਪਿਆਂ ਨੂੰ ਸ਼ਾਮਿਲ ਹੋਣ ਲਈ ਹੱਥ ਜੋੜ ਕੇ ਬੇਨਤੀ ਕੀਤੀ ਹੈ, ਕਿਉਂਕਿ ਚੋਰੀ ਦੀਆਂ ਘਟਨਾਵਾਂ , ਕੁੱਟ ਮਾਰ ਕਰਕੇ ਪੈਸਾ ਗਹਿਣੇ ਲੁੱਟਣਾ , ਬੱਚਿਆਂ ਵੱਲੋਂ ਮਾਪਿਆਂ ਦੀ ਕੁੱਟ ਮਾਰ ਕਰਨਾ ਤੇ ਪੈਸੇ ਮੰਗਣੇ , ਕੋਈ ਵੀ ਕੰਮ ਕਾਰ ਨਾ ਕਰਨਾ ਹੋਰ ਬਹੁਤ ਸਾਰੇ ਅਪਰਾਧਾਂ ਦਾ ਕਾਰਨ ਇਹ ਨਸ਼ਾ ਹੀ ਹੈ, ਨਸ਼ੇ ਨੂੰ ਰੋਕਣ ਨਾਲ ਇਹ ਸਾਰੇ ਕੰਮ ਆਪਣੇ ਆਪ ਰੁਕ ਜਾਣਗੇ । ਸਮੂੰਹ ਨੌਜਵਾਨਾਂ ਅਪੀਲ ਕੀਤੀ ਕਿ ਇਹ ਕੰਮ ਕਿਸੇ ਇਕੱਲੇ ਦੇ ਕਰਨ ਵਾਲਾ ਨਹੀਂ ਹੈ ਸਭ ਦੇ ਇਕਜੁੱਟ ਹੋਣ ਤੇ ਹੀ ਹੋ ਸਕਦਾ ਹੈ । ਨੌਜਵਾਨ ਆਗੂਆਂ ਨੇ ਦੱਸਿਆ ਇਹ ਇਕੱਠ ਕਿਸੇ ਵੀ ਸਰਕਾਰ , ਕਿਸੇ ਵੀ ਸੰਸਥਾ ਜਾ ਪ੍ਰਸਾਸ਼ਨ ਦਾ ਵਿਰੋਧ ਕਰਨ ਲਈ ਨਹੀਂ ਸਗੋਂ ਸਾਰਿਆਂ ਵੱਲੋਂ ਰਲ ਮਿਲ ਕੇ ਇਸ ਮਸਲੇ ਦਾ ਹੱਲ ਕਰਨ ਲਈ ਰੱਖਿਆ ਗਿਆ ਹੈ।

# ਵੱਖ-ਵੱਖ ਪਾਰਟੀਆਂ ਨੂੰ ਅਲਵਿਦਾ ਆਖ ਕੇ ਵੱਡੀ ਗਿਣਤੀ 'ਚ ਨੌਜਵਾਨ ਭਾਜਪਾ ਵਿਚ ਸ਼ਾਮਲ

## ਭਾਜਪਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਨੇ ਪਾਰਟੀ ਚਿੰਨ੍ਹ ਪਾ ਕੇ ਕੀਤਾ ਪਾਰਟੀ ਵਿਚ ਸ਼ਾਮਲ

■ ਇਸ ਮੌਕੇ ਅਜੈਵੀਰ ਸਿੰਘ ਲਾਲਪੁਰਾ ਨੇ ਇਨ੍ਹਾਂ ਨੌਜਵਾਨਾਂ ਦੇ ਪਾਰਟੀ ਚਿੰਨ੍ਹ ਪਾ ਕੇ ਪਾਰਟੀ ਵਿਚ ਸ਼ਾਮਲ ਕੀਤਾ




ਸ੍ਰੀ ਅਨੰਦਪੁਰ ਸਾਹਿਬ, 12 ਅਗਸਤ(ਦਵਿੰਦਰਪਾਲ ਸਿੰਘ): ਅੱਜ ਭਾਜਪਾ ਨੂੰ ਉਸ ਸਮੇਂ ਵੱਡਾ ਬੱਲ ਮਿਲਿਆ ਜਦੋਂ ਹਲਕਾ ਰੂਪਨਗਰ ਅਧੀਨ ਬਲਾਕ ਨੂਰਪੁਰ ਬੇਦੀ ਦੇ ਪਿੰਡ ਗੁਰਸੇਮਾਜਰਾ ਵਿਖੇ ਵੱਡੀ ਗਿਣਤੀ ਨੌਜਵਾਨਾਂ ਨੇ ਵੱਖ-ਵੱਖ ਪਾਰਟੀਆਂ ਨੂੰ ਅਲਵਿਦਾ ਆਖ ਕਿ ਭਾਜਪਾ ਦੀਆਂ ਜਨ ਕਲਿਆਣਕਾਰੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਗੁਰਮੁੱਖ ਸਿੰਘ ਗੁਰਸੇਮਾਜਰਾ ਦੀ ਅਗਵਾਈ ਹੇਠ ਭਾਜਪਾ ਦਾ ਪੱਲਾ ਫੜ੍ਹ ਲਿਆ। ਇਸ ਮੌਕੇ ਇਨ੍ਹਾਂ ਨੌਜਵਾਨਾਂ ਨੂੰ ਪਾਰਟੀ ਵਿਚ ਸ਼ਾਮਲ ਕਰਵਾਉਣ ਲਈ ਵਿਸ਼ੇਸ਼ ਤੌਰ 'ਤੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਪਹੁੰਚੇ। ਇਸ ਮੌਕੇ ਅਜੈਵੀਰ ਸਿੰਘ ਲਾਲਪੁਰਾ ਨੇ ਇਨ੍ਹਾਂ ਨੌਜਵਾਨਾਂ ਦੇ ਪਾਰਟੀ ਚਿੰਨ੍ਹ ਪਾ ਕੇ ਪਾਰਟੀ ਵਿਚ ਸ਼ਾਮਲ ਕੀਤਾ। ਉਨ੍ਹਾਂ ਕਿਹਾ ਕਿ ਭਾਜਪਾ ਦਾ ਕਾਫਲਾ ਅੱਜ ਦਿਨੋਂ ਦਿਨ ਵੱਡਾ ਹੋ ਚੁੱਕਿਆ ਹੈ ਤੇ ਖਾਸ ਕਰਕੇ ਜ਼ਿਲ੍ਹਾ ਰੂਪਨਗਰ ਵਿਚੋਂ ਪੈਰਾਸ਼ੂਟ ਆਗੂ ਤੇ ਉਨ੍ਹਾਂ ਦਾ ਟੋਲਾ ਗਾਇਬ ਨਾਮਾਤਰ ਹੀ ਰਹਿ ਗਿਆ ਹੈ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਨੇ ਦੇਸ਼ ਦੀ ਤਸਵੀਰ ਬਦਲ ਕੇ ਰੱਖ ਦਿੱਤੀ ਹੈ, ਜਦੋਂ ਵਿਸ਼ਵ ਆਰਥਿਕ ਤੰਗੀ ਦੀ ਮਾਰ ਸਹਿ ਰਿਹਾ ਤਾਂ ਵਿਦੇਸ਼ੀ ਏਜੰਸੀਆਂ ਸਾਡੇ ਦੇਸ਼ ਨੂੰ ਸਭ ਤੋਂ ਤੇਜ਼ੀ ਨਾਲ ਵੱਧ ਰਹੀ ਅਰਥ ਵਿਵਸਥਾ ਵਜੋਂ ਸੰਬੋਧਨ ਕਰ ਰਹੀਆਂ ਹਨ, ਸਾਡੇ ਪ੍ਰਧਾਨ ਮੰਤਰੀ ਨੂੰ ਅੱਜ ਦੁਨੀਆ ਦੇ ਸੁਪਰ ਪਾਵਰ ਅਖਵਾਉਣ ਵਾਲੇ ਦੇਸ਼ 'ਦਾ ਬਾਸ' ਕਹਿ ਕੇ ਸੰਬੋਧਨ ਕਰ ਰਹੇ ਹਨ ਤੇ ਭਾਰਤ ਅੱਜ ਹਰ ਖੇਤਰ ਵਿਚ ਵਿਦੇਸ਼ਾਂ ਨੂੰ ਮਾਤ ਪਾ ਰਿਹਾ ਹੈ। ਲਾਲਪੁਰਾ ਨੇ ਨਵੀਂ ਜੁੜੀ ਨੌਜਵਾਨਾਂ ਦੀ ਟੀਮ ਨੂੰ ਪਾਰਟੀ ਅਨੁਸ਼ਾਸਨ ਵਿਚ ਰਹਿ ਕੇ ਭਾਜਪਾ ਦੀ ਪਿੰਡ-ਪਿੰਡ ਚੜ੍ਹਤ ਤੇ ਮਜ਼ਬੂਤੀ ਲਈ ਕੰਮ ਕਰਨ ਦੀ ਤਾਕੀਦ ਕੀਤੀ। ਉਨ੍ਹਾਂ ਕਿਹਾ ਕਿ ਹੁਣ ਅਗਾਮੀ ਲੋਕ ਸਭਾ ਚੋਣਾਂ ਲਈ ਘਰ-ਘਰ ਪਹੁੰਚ ਕੀਤੀ ਜਾਵੇ ਅਤੇ ਸੂਝਵਾਨ ਲੋਕਾਂ ਨੂੰ ਭਾਜਪਾ ਨਾਲ ਜੋੜਿਆ ਜਾਵੇ। ਲਾਲਪੁਰਾ ਨੇ ਕਿਹਾ ਕਿ ਭਾਜਪਾ ਦੀਆਂ ਸੈਂਕੜੇ ਜਨ ਕਲਿਆਣਕਾਰੀ ਸਕੀਮਾਂ ਦਾ ਲਾਭ ਕਰੋੜਾਂ ਲੋਕਾਂ ਨੇ ਲਿਆ ਹੈ ਤੇ ਜਿਹੜੇ ਇਸ ਲਾਭ ਤੋਂ ਵਾਂਝੇ ਰਹਿ ਗਏ ਹਨ ਉਨ੍ਹਾਂ ਤੱਕ ਵੀ ਇਹ ਸਕੀਮਾਂ ਪਹੁੰਚਾਈਆਂ ਜਾਣ ਅਤੇ ਹਰੇਕ ਪਿੰਡ ਵਿਚ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ। ਇਸ ਮੌਕੇ ਪਾਰਟੀ ਨਾਲ ਜੁੜੇ ਜੁਝਾਰੂ ਆਗੂ ਗੁਰਮੁੱਖ ਸਿੰਘ ਗੁਰਸੇਮਾਜਰਾ ਨੇ ਕਿਹਾ ਕਿ ਉਹ ਭਾਜਪਾ ਦੀਆਂ ਜਨ ਕਲਿਆਣਕਾਰੀ ਨੀਤੀਆਂ ਅਤੇ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਦੀ ਗਤੀਸ਼ੀਲ ਕਾਰਗੁਜ਼ਾਰੀ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਿਚ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ ਉਹ ਪਾਰਟੀ ਦੀ ਮਜ਼ਬੂਤੀ ਲਈ ਅਤੇ ਅਗਾਮੀ ਲੋਕ ਸਭਾ ਚੋਣਾਂ ਵਿਚ ਜਿੱਤ ਯਕੀਨੀ ਬਣਾਉਣ ਲਈ ਦਿਨ ਦੂਣੀ ਅਤੇ ਰਾਤ ਚੌਗੁਣੀ ਮਿਹਨਤ ਕਰਨਗੇ। ਇਸ ਮੌਕੇ ਧਰਮਿੰਦਰ ਸਿੰਘ, ਜਸਵੀਰ ਸਿੰਘ, ਸੰਦੀਪ ਸਿੰਘ, ਰਾਮ ਕੁਮਾਰ, ਸ਼ਮਸ਼ੇਰ ਸਿੰਘ, ਸੁਖਵੀਰ ਸਿੰਘ, ਡਾ. ਕੁਲਬੀਰ ਸਿੰਘ, ਮੁਕੇਸ਼, ਕੁਲਵਿੰਦਰ ਸਿੰਘ, ਮਨਪ੍ਰੀਤ ਸਿੰਘ, ਸੁਖਵੀਰ ਸਿੰਘ, ਬਲਜਿੰਦਰ ਸਿੰਘ, ਕੁਲਵੀਰ ਸਿੰਘ, ਹਰਜਿੰਦਰ ਸਿੰਘ, ਸਰਪੰਚ ਮਹਿੰਦਰ ਸਿੰਘ, ਸੁਰਿੰਦਰਪਾਲ ਸਿੰਘ ਬੰਬੀ, ਸੂਬੇਦਾਰ ਕਰਮ ਸਿੰਘ, ਸੁਰਜੀਤ ਸਿੰਘ, ਸੋਹਣ ਸਿੰਘ, ਜਸਵਿੰਦਰ ਸਿੰਘ, ਲਖਵਿੰਦਰ ਸਿੰਘ, ਸੋਹਣ ਸਿੰਘ ਆਦਿ ਸਮੇਤ ਵੱਡੀ ਗਿਣਤੀ ਭਾਜਪਾ ਆਗੂ ਮੌਜੂਦ ਸਨ ਡਾ. ਕੁਲਬੀਰ ਸਿੰਘ, ਮੁਕੇਸ਼, ਕੁਲਵਿੰਦਰ ਸਿੰਘ, ਮਨਪ੍ਰੀਤ ਸਿੰਘ, ਸੁਖਵੀਰ ਸਿੰਘ, ਬਲਜਿੰਦਰ ਸਿੰਘ, ਕੁਲਵੀਰ ਸਿੰਘ, ਹਰਜਿੰਦਰ ਸਿੰਘ, ਸਰਪੰਚ ਮਹਿੰਦਰ ਸਿੰਘ, ਸੁਰਿੰਦਰਪਾਲ ਸਿੰਘ ਬੰਬੀ, ਸੂਬੇਦਾਰ ਕਰਮ ਸਿੰਘ, ਸੁਰਜੀਤ ਸਿੰਘ, ਸੋਹਣ ਸਿੰਘ, ਜਸਵਿੰਦਰ ਸਿੰਘ, ਲਖਵਿੰਦਰ ਸਿੰਘ, ਸੋਹਣ ਸਿੰਘ ਆਦਿ ਸਮੇਤ ਵੱਡੀ ਗਿਣਤੀ ਭਾਜਪਾ ਆਗੂ ਮੌਜੂਦ ਸਨ।

# ਰਾਜ ਸਭਾ ਮਾਨਸੂਨ ਸੈਸ਼ਨ 2023 ਵਿੱਚ ਅਰੋੜਾ ਦਾ ਪ੍ਰਦਰਸ਼ਨ: 100% ਹਾਜ਼ਰੀ, 24 ਸਵਾਲ ਅਤੇ ਜ਼ੀਰੋ ਆਵਰ ਵਿੱਚ 3 ਜ਼ਿਕਰ

• ਲੁਧਿਆਣਾ/ਸੁਖਚੈਨ ਮਹਿਰਾ

ਵਚਨਬੱਧਤਾ ਅਤੇ ਸਮਰਪਣ ਦਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਲੁਧਿਆਣਾ ਦੀ ਨੁਮਾਇੰਦਗੀ ਕਰ ਰਹੇ 'ਆਪ' ਸੰਸਦ ਮੈਂਬਰ (ਰਾਜ ਸਭਾ) ਸੰਜੀਵ ਅਰੋੜਾ ਨੇ ਰਾਜ ਸਭਾ ਦੇ ਹਾਲ ਹੀ ਵਿੱਚ ਸਮਾਪਤ ਹੋਏ ਮਾਨਸੂਨ ਸੈਸ਼ਨ ਦੌਰਾਨ ਰੁਕਾਵਟਾਂ ਦੇ ਬਾਵਜੂਦ ਆਪਣੇ ਅਟੁੱਟ ਸਮਰਪਣ ਦਾ ਪ੍ਰਦਰਸ਼ਨ ਕੀਤਾ। ਮਾਨਸੂਨ ਸੈਸ਼ਨ 17 ਦਿਨ ਚੱਲਿਆ ਅਤੇ ਅਰੋੜਾ ਦੀ ਹਾਜ਼ਰੀ ਬੇਮਿਸਾਲ ਰਹੀ। ਇੱਥੋਂ ਤੱਕ ਕਿ ਪਿਛਲੇ ਸਾਲ ਦੇ ਮਾਨਸੂਨ ਸੈਸ਼ਨ ਦੇ ਆਪਣੇ ਰਿਕਾਰਡ ਨੂੰ ਵੀ ਪਿੱਛੇ ਛੱਡ ਦਿੱਤਾ, ਜਿਸ ਦੌਰਾਨ ਉਨ੍ਹਾਂ ਨੇ 16 ਵਿੱਚੋਂ 15 ਦਿਨਾਂ ਦੀ ਕਾਰਵਾਈ ਵਿੱਚ ਹਿੱਸਾ ਲਿਆ ਸੀ। ਇਸ ਪੂਰੇ ਸੈਸ਼ਨ ਦੌਰਾਨ, ਅਰੋੜਾ ਨੇ ਪ੍ਰਭਾਵਸ਼ਾਲੀ ਢੰਗ ਨਾਲ ਕੁੱਲ 24 ਸਬੰਧਤ ਸਵਾਲ ਉਠਾਏ ਜੋ ਸਿਹਤ ਅਤੇ ਪਰਿਵਾਰ ਭਲਾਈ, ਵਿਦੇਸ਼ ਮਾਮਲੇ, ਕੱਪੜਾ, ਗ੍ਰਹਿ ਮਾਮਲੇ, ਸਿੱਖਿਆ, ਸੂਖਮ, ਛੋਟੇ ਅਤੇ ਦਰਮਿਆਨੇ ਉਦਯੋਗ, ਐਨ ਐਚ ਏ ਆਈ, ਪੈਟਰੋਲੀਅਮ ਅਤੇ ਕੁਦਰਤੀ ਗੈਸ, ਰੇਲਵੇ ਅਤੇ ਕੁਝ ਹੋਰ ਵੱਖ-ਵੱਖ ਮੰਤਰਾਲਿਆਂ ਨਾਲ ਸਬੰਧਤ ਸਨ। ਜ਼ੀਰੋ ਆਵਰ ਦੇ ਤਿੰਨ ਸੈਸ਼ਨਾਂ ਲਈ ਮਾਮਲਿਆਂ ਨੂੰ ਸੰਬੋਧਿਤ ਕਰਨ ਲਈ ਸਮਾਂ ਨਿਰਧਾਰਤ ਕੀਤੇ ਜਾਣ ਦੇ ਬਾਵਜੂਦ, ਅਰੋੜਾ ਬਦਕਿਸਮਤੀ ਨਾਲ ਸਦਨ ਦੇ ਅਚਨਚੇਤ ਮੁਲਤਵੀ ਹੋਣ ਕਾਰਨ ਆਪਣਾ ਵਿਚਾਰ ਪੇਸ਼ ਨਹੀਂ ਕਰ ਸਕੇ। ਹਾਲਾਂਕਿ, ਇਹ ਸਬੰਧਤ ਮੰਤਰਾਲਿਆਂ ਦੇ ਧਿਆਨ ਵਿੱਚ ਆ ਗਏ ਹਨ। ਉਮੀਦ ਹੈ ਕਿ ਮਸਲੇ ਹੱਲ ਹੋ ਜਾਣਗੇ। ਆਪਣੀ ਅਸਾਧਾਰਨ ਕਾਰਗੁਜ਼ਾਰੀ ਦੇ ਜਵਾਬ ਵਿੱਚ ਅਰੋੜਾ ਨੇ ਕਿਹਾ, ÷ਇਸ ਮਾਨਸੂਨ ਸੈਸ਼ਨ ਦੌਰਾਨ ਪੁੱਛੇ ਗਏ ਸਵਾਲ ਲੋਕ ਹਿੱਤਾਂ ਤੋਂ ਪ੍ਰੇਰਿਤ ਸਨ ਅਤੇ ਖਾਸ ਤੌਰ 'ਤੇ ਪੰਜਾਬ ਰਾਜ ਅਤੇ ਲੁਧਿਆਣਾ ਲਈ ਸਿੱਧੇ ਮਹੱਤਵ ਵਾਲੇ ਸਨ। ਕੁਝ ਮੁੱਦਿਆਂ ਨੇ ਪੂਰੇ ਦੇਸ਼ ਨੂੰ ਪ੍ਰਭਾਵਿਤ ਕੀਤਾ ਸੀ।÷ ਜਵਾਬ ਦਿੱਤੇ ਸਵਾਲਾਂ 'ਤੇ ਅਗਲੀ ਕਾਰਵਾਈ ਵੀ ਕੀਤੀ ਜਾਵੇਗੀ।

# ਉਸਾਰੀ ਮਿਸਤਰੀ ਮਜਦੂਰ ਯੂਨੀਅਨ ਦੇ ਵਰਕਰਾਂ ਵਲੋਂ ਕੈਂਪ ਲਗਾਈਆਂ



• ਬਲਾਚੌਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ

ਅੱਜ ਪਿੰਡ ਰੱਤੇਵਾਲ ਵਿੱਚ ਲੇਵਰ ਕਮਿਸ਼ਨਰ ਬਲਜੀਤ ਸਿੰਘ, ਲੇਵਰ ਇੰਸਪੈਕਟਰ ਰਣਦੀਪ ਸਿੰਘ, ਮੈਡਮ ਬੰਧਨਾ ਰਣਵੀਰ ਸਿੰਘ ਸਮੂਹ ਸਟਾਫ ਦੀ ਅਗਵਾਈ ਵਿੱਚ ਕੈਂਪ ਲਗਾਇਆ ਗਿਆ ,ਜਿਸ ਵਿੱਚ ਉਸਾਰੀ ਮਿਸਤਰੀ ਮਜਦੂਰ ਯੂਨੀਅਨ ਦੇ ਵਰਕਰਾ ਵੱਲੋਂ ਪ੍ਰਬੰਧ ਕੀਤਾ ਗਿਆ ਇਸ ਕੈਂਪ ਵਿੱਚ ਵੱਖ ਵੱਖ ਪਿੰਡ ਦੇ ਵਰਕਰਾ ਨੇ ਹਿੱਸਾ ਲਿਆ ਅਤੇ ਫਾਰਮ ਫਰਨ ਦੀ ਜਾਣਕਾਰੀ ਲਈ, ਕੈਂਪ ਵਿੱਚ ਉਸਾਰੀ ਮਿਸਤਰੀ ਮਜਦੂਰ ਯੂਨੀਅਨ ਦੇ ਜਿਲ੍ਹਾ ਪ?ਧਾਨ ਨਿਰਮਲ ਜੰਡੀ ਨੇ ਕਿਹਾ ਕੇ ਸਾਨੂੰ ਸਾਰਿਆਂ ਨੂੰ ਰਿਜੇਸਟੇਸਨ ਲਾਜਮੀ ਕਰਵਾਉਣੀ ਚਾਹੀਦੀ ਹੈ, ਤਾ ਜੋ ਸਕੀਮਾ ਦਾ ਲਾਭ ਮਿਲ ਸਕੇ ਉਨਾਂ ਨੇ ਇਹਨਾਂ ਸਕੀਮਾਂ ਦੇ ਲਾਭ ਬਾਰੇ ਜਾਣਕਾਰੀ ਦਿੰਦੇ ਦਸਿਆ ਕੇ ਸ਼ਗਨ ਸਕੀਮ 51000 ,ਵਜੀਫਾ ਸਕੀਮ 3000 ਤੋ ਲੈਕੇ 70000,ਮੌਤ ਹੋ ਜਾਣ ਤੇ 200000 ,ਪੈਨਸਨ ਸਕੀਮ 3000 ਤੱਕ ਦਿੱਤੀ ਜਾਦੀ ਹੈ ਇਸ ਮੋਕੇ ਬਿੱਲਾ ਠੇਕੇਦਾਰ, ਮਦਨ,ਨਿੰਮਾ, ਸੁਲੱਖਣ ਸਿੰਘ ਆਦਿ ਹਾਜ਼ਰ ਸਨ।

# ਪੀ ਐੱਚ ਸੀ ਰਣਜੀਤ ਬਾਗ ਦੇ ਸਮੂਹ ਸਟਾਫ ਵਲੋਂ ਤੀਆਂ ਦਾ ਤਿਉਹਾਰ ਮਨਾਇਆ



• ਦੋਰਾਂਗਲਾ,ਰਾਕੇਸ਼ ਜੀਵਨ ਚੱਕ

ਪੀ ਐੱਚ ਸੀ ਰਣਜੀਤ ਬਾਗ ਦੇ ਸਮੂਹ ਸਟਾਫ ਨੇ ਅੱਜ ਬੜੇ ਹੀ ਉਤਸ਼ਾਹ ਦੇ ਨਾਲ ਤੀਆਂ ਦਾ ਤਿਉਹਾਰ ਬ੍ਰਿਊ ਕਿਚੰਣ ਰੈਸਟੂਰੈਂਟ ਵਿਚ ਮਨਾਇਆ।ਪ੍ਰੋਗਰਾਮ ਨੂੰ ਵਿਸ਼ੇਸ਼ ਬਣਾਉਣ ਲਈ ਸੱਭਿਆਚਾਰਕ ਪਹਿਰਾਵੇ ਵਿੱਚ ਲੋਕ ਗੀਤ, ਬੋਲੀਆਂ, ਡਾਂਸ ਅਤੇ ਗਿੱਧਾ ਪਾ ਕੇ ਤੀਆਂ ਦਾ ਤਿਉਹਾਰ ਮਨਾਇਆ ਇਸ ਮੌਕੇ ਸੀਨੀਅਰ ਮੈਡੀਕਲ ਅਫ਼ਸਰ ਡਾ ਅਨੀਤਾ ਗੁਪਤਾ ਵਿਸ਼ੇਸ ਰੂਪ ਵਿਚ ਹਾਜ਼ਰ ਸਨ ਅਤੇ ਉਨ੍ਹਾਂ ਕਿਹਾ ਕਿ ਤਿਉਹਾਰ ਸਮਾਜ ਵਿੱਚ ਲੋਕਾਂ ਦੇ ਤਨਾਵ ਨੂੰ ਘੱਟ ਕਰਨ ਅਤੇ ਉਨ੍ਹਾਂ ਦੇ ਖ਼ੁਸ਼ੀਆਂ ਚਾਵਾਂ ਦਾ ਪ੍ਰਗਟਾਵਾ ਕਰਨ ਦਾ ਜ਼ਰਿਆ ਬਣਦੇ ਹਨ। ਪੰਜਾਬੀ ਵਿਰਸੇ ਦਾ ਅਨਿੱਖੜਵਾ ਸਾਵਣ ਦੇ ਮਹੀਨੇ ਦਾ ਤੀਆਂ ਦਾ ਤਿਉਹਾਰ ਅੱਜ ਸਟਾਫ ਮੈਂਬਰਾਂ ਨੇ ਵੀ ਬੜੇ ਹੀ ਚਾਵਾਂ ਖੇੜਿਆਂ ਦੇ ਨਾਲ? ਮਨਾਇਆ। ਇਸ ਮੌਕੇ ਬੀ.ਈ.ਈ. ਸੰਦੀਪ ਕੌਰ ਨੇ ਦੱਸਿਆ ਕਿ ਤੀਆਂ ਮੌਕੇ ਕੁੜੀਆਂ ਸਾਜ ਸ਼ਿੰਗਾਰ ਕਰਦੀਆਂ ਹਨ ਅਤੇ ਬੜੇ ਹੀ ਚਾਵਾਂ ਦੇ ਨਾਲ ਹੱਥਾਂ ਤੇ ਮਹਿੰਦੀ ਲਾਉਂਦੀਆਂ ਹਨ। ਪਹਿਲੇ ਸਮੇਂ ਵਿਚ ਤੀਆਂ ਦੇ ਤਿਉਹਾਰ ਤੇ ਮੇਲੇ ਲੱਗਦੇ ਸਨ, ਕੁੜੀਆਂ ਪੀਂਘਾਂ ਝੂਟਦੀਆਂ ਸਨ ਅਤੇ ਗਿੱਧਾ ਪਾਉਂਦੀਆਂ ਸਨ ਪਰ ਅੱਜ ਦੇ ਸਮੇਂ ਵਿੱਚ ਇਹ ਬਹੁਤ ਘੱਟ ਚੁੱਕਾ ਹੈ ਅਤੇ ਸਾਨੂੰ ਸਾਡੇ ਵਿਰਸੇ ਨੂੰ ਸੰਭਾਲ ਕੇ ਰੱਖਣਾ ਚਾਹੀਦਾ ਹੈ। ਸਮੂਹ ਪੀ ਐਚ ਸੀ ਸਟਾਫ ਨੇ ਸਾਰਿਆਂ ਨੂੰ ਤੀਆਂ ਦੇ ਤਿਉਹਾਰ ਦੀ ਵਧਾਈ ਦਿੱਤੀ ਅਤੇ ਸ਼ੁਭਕਾਮਨਾਵਾਂ ਦਿੱਤੀਆਂ।

ਅਦਾਰਾ ਲੋਕ ਬਾਣੀ ਵਿੱਚ ਛਾਪੀਆਂ ਜਾਂਦੀਆਂ ਖਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇਨ੍ਹਾਂ ਤੱਥਾਂ ਦੀ ਪੜਤਾਲ, ਪੁਸ਼ਟੀ ਕਰ ਲੈਣ। ਰੋਜ਼ਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ਼ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ ਖਬਰਾਂ ਪ੍ਰਤੀ ਜੁਮੇਵਾਰੀ ਸੰਬੰਧਤ ਪੱਤਰਕਾਰ ਦੀ ਹੋਵੇਗੀ।

# ਇਲਾਕੇ ਵਿਚ ਲਗਾਤਾਰ ਹੋ ਰਹੀਆਂ ਚੋਰੀਆਂ ਕਾਰਨ ਦਹਿਸ਼ਤ ਦਾ ਮਾਹੌਲ

## ਸ੍ਰੀ ਅਨੰਦਪੁਰ ਸਾਹਿਬ ਤੋਂ ਐਕਟਿਵਾ ਅਤੇ ਕਾਹੀਵਾਲ ਤੋਂ ਟਿੱਪਰ ਹੋਇਆ ਚੋਰੀ

• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ

ਇਲਾਕੇ ਵਿਚ ਪਿਛਲੇ ਕਈ ਦਿਨਾਂ ਤੋਂ ਹੋ ਰਹੀਆਂ ਵਾਹਨਾਂ ਦੀਆਂ ਚੋਰੀਆਂ ਜਿਥੇ ਰੁਕਣ ਦਾ ਨਾਮ ਨਹੀਂ ਲੈ ਰਹੀਆਂ ਉਥੇ ਹੀ ਇਹਨਾਂ ਚੋਰੀਆਂ ਕਾਰਨ ਇਲਾਕਾ ਵਾਸੀਆਂ ਵਿਚ ਦਹਿਸ਼ਤ ਦਾ ਮਾਹੌਲ ਪਾਇਆ ਜਾ ਰਿਹਾ ਹੈ। ਇਹਨਾਂ ਹੋ ਰਹੀਆਂ ਚੋਰੀਆਂ ਦੇ ਚਲਦੇ ਹੀ ਬੀਤੇ ਦਿਨ ਜਿਥੇ ਸਥਾਨਕ ਚੋਈ ਬਜ਼ਾਰ ਤੋਂ ਕਪੜੇ ਦੇ ਵਪਾਰੀ ਸ਼ਿਵਨਾਥ ਆਂਗਰਾ ਦੇ ਘਰ ਦੇ ਬਾਹਰੋਂ ਚੋਰਾਂ ਵਲੋਂ ਐਕਟਿਵਾ ਨੰਬਰ ਪੀ.ਬੀ 12-ਯੂ.0258 ਚੋਰੀ ਕੀਤੀ ਗਈ ਉਥੇ ਹੀ ਚੰਗਰ ਦੇ ਪਿੰਡ ਕਾਹੀਵਾਲ ਤੋਂ ਟਿੱਪਰ ਚੋਰੀ ਹੋ ਜਾਣ ਦੀ ਸੂਚਨਾ ਮਿਲੀ ਹੈ। ਰਾਮ ਦਾਸ ਪੁੱਤਰ ਰੋਸ਼ਨ ਲਾਲ ਨੇ ਦੱਸਿਆ ਕਿ ਉਸ ਨੇ ਆਪਣਾ ਟਿੱਪਰ ਪੀ.ਬੀ. 12-ਐਨ. 9886 ਮਾਡਲ 2011 ਨੂੰ ਪਿੰਡ ਦੇ ਟੋਬੇ ਕੋਲ ਡਿਸਪੈਂਸਰੀ ਅੱਗੇ ਕਈ ਦਿਨਾਂ ਤੋਂ ਖੜ੍ਹਾ ਕੀਤਾ ਹੋਇਆ ਸੀ।ਬੀਤੇ ਮੰਗਲਵਾਰ ਦੀ ਰਾਤ ਨੂੰ ਗੁਆਂਢੀਆਂ ਵਲੋਂ ਗੱਡੀ ਸਟਾਰਟ ਹੋਣ ਦੀ ਆਵਾਜ ਸੁਣੀ ਗਈ। ਜਦੋ ਉਹਨਾ ਦੋ ਦਿਨ ਬਾਅਦ ਵੀਰਵਾਰ ਨੂੰ ਜਾ ਕੇ ਦੇਖਿਆ ਤਾਂ ਟਿੱਪਰ ਚੋਰੀ ਹੋ ਚੁੱਕਾ ਸੀ। ਚੋਰੀ ਦੀ ਸੂਚਨਾ ਸਥਾਨਕ ਪੁਲਿਸ ਨੂੰ ਦੇ ਦਿੱਤੀ ਗਈ ਹੈ। ਇਸ ਮੌਕੇ ਇਲਾਕਾ ਵਾਸੀਆਂ ਵਿਚ ਸਮਾਜ ਸੇਵੀ ਨਵੀਨ ਕੁਮਾਰ, ਅਖਿਲ ਕੌਸ਼ਲ, ਬਲਰਾਮ ਪਰਾਸ਼ਰ, ਕੇ ਕੇ ਬੇਦੀ, ਸਰਬਜੀਤ ਸਿੰਘ ਰੈਣੂ, ਜਸਵਿੰਦਰ ਸਿੰਘ ਢਿੱਲੋਂ, ਤਰਲੋਚਨ ਸਿੰਘ ਚੱਠਾ, ਜੈਮਲ ਸਿੰਘ ਭੜੀ, ਗੁਰਪ੍ਰੀਤ ਸਿੰਘ, ਸਤਿੰਦਰਪਾਲ ਸਿੰਘ, ਬਲਬੀਰ ਸਿੰਘ, ਚਰਨਜੀਤ ਸਿੰਘ, ਮਹਿੰਦਰ ਸਿੰਘ, ਕੁਲਦੀਪ ਸਿੰਘ, ਆਦਿ ਨੇ ਪੁਲਿਸ ਪ੍ਰਸ਼ਾਸ਼ਨ ਤੋਂ ਮੰਗ ਕੀਤੀ ਕਿ ਚੋਰੀਆਂ ਨੂੰ ਠੱਲ੍ਹ ਪਾਉਣ ਲਈ ਸਖਤ ਕਦਮ ਚੁੱਕੇ ਜਾਣ ਅਤੇ ਰਾਤ ਦੀ ਗਸ਼ਤ ਵਿਚ ਵਾਧਾ ਕੀਤਾ ਜਾਵੇ।






# ਹਿੰਦੁਸਤਾਨ ਸਕਾਊਟਸ ਐਂਡ ਗਾਈਡਜ਼ ਐਸੋਸੀਏਸ਼ਨ ਦੀ ਕੌਮੀ ਕੌਂਸਲ ਦੀ ਮੀਟਿੰਗ ਹੋਈ

• ਅਮੂਲਯਾ, ਨਵੀਂ ਦਿੱਲੀ/ਚੰਡੀਗੜ੍ਹ

ਹਿੰਦੁਸਤਾਨ ਸਕਾਊਟਸ ਐਂਡ ਗਾਈਡਜ਼ ਐਸੋਸੀਏਸ਼ਨ ਦੀ ਕੌਮੀ ਕੌਂਸਲ ਦੀ ਮੀਟਿੰਗ ਮਾਊਂਟ ਆਬੂ ਸਕੂਲ ਵਿਖੇ ਬਹੁਤ ਹੀ ਸੁਚੱਜੇ ਢੰਗ ਨਾਲ ਹੋਈ। ਭਰਤ ਅਰੋੜਾ ਨੇ ਮੰਚ ਸੰਚਾਲਨ ਕਰਦਿਆਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਹਿੰਦੁਸਤਾਨ ਸਕਾਊਟਸ ਐਂਡ ਗਾਈਡਜ਼ ਐਸੋਸੀਏਸ਼ਨ ਵੱਲੋਂ ਸਕਾਊਟਿੰਗ ਅਤੇ ਗਾਈਡਿੰਗ ਗਤੀਵਿਧੀਆਂ ਨੂੰ ਬੜੀ ਸ਼ਿੱਦਤ ਨਾਲ ਨਿਭਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕੁਝ ਲੋਕ ਜਥੇਬੰਦੀ ਦੇ ਨਾਂ 'ਤੇ ਜਥੇਬੰਦੀ ਬਣਾ ਕੇ ਹਿੰਦੁਸਤਾਨ ਸਕਾਊਟਸ ਐਂਡ ਗਾਈਡਜ਼ ਐਸੋਸੀਏਸ਼ਨ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਅਜਿਹੇ ਲੋਕਾਂ ਨੂੰ ਚਿਤਾਵਨੀ ਦਿੱਤੀ ਕਿ ਉਹ ਜਲਦੀ ਹੀ ਸਲਾਖਾਂ ਪਿੱਛੇ ਹੋਣਗੇ। ਉਨ੍ਹਾਂ ਕਿਹਾ



ਕਿ ਉਨ੍ਹਾਂ ਨੂੰ ਆਪਣੀ ਗਲਤੀ ਦਾ ਨਤੀਜਾ ਜ਼ਰੂਰ ਭੁਗਤਣਾ ਪਵੇਗਾ। ਹਿੰਦੁਸਤਾਨ ਸਕਾਊਟਸ ਐਂਡ ਗਾਈਡਜ਼ ਐਸੋਸੀਏਸ਼ਨ ਦੇ ਸੰਸਥਾਪਕ ਸ਼੍ਰੀਨਿਵਾਸ ਸ਼ਰਮਾ ਨੇ ਕਿਹਾ ਕਿ ਪਿਛਲੀ ਕਾਰਜਕਾਰਨੀ ਪਹਿਲਾਂ ਵਾਂਗ ਹੀ ਕੰਮ ਕਰੇਗੀ। ਸਾਰੀਆਂ ਅਸਾਮੀਆਂ ਪਹਿਲਾਂ ਵਾਂਗ ਹੀ ਰਹਿਣਗੀਆਂ। ਹਿੰਦੁਸਤਾਨ ਸਕਾਊਟਸ ਐਂਡ ਗਾਈਡਜ਼ ਐਸੋਸੀਏਸ਼ਨ ਦੇ ਸਲਾਹਕਾਰ ਰਵਿੰਦਰ ਤਲਵਾੜ ਨੇ ਕਿਹਾ ਕਿ ਐਸੋਸੀਏਸ਼ਨ ਦੀ ਚੜ੍ਹਦੀ ਕਲਾ ਲਈ ਸਾਰਿਆਂ ਨੂੰ ਇਕਜੁੱਟ ਹੋ ਕੇ ਕੰਮ ਕਰਨਾ ਹੋਵੇਗਾ। ਉਨ੍ਹਾਂ ਪ੍ਰੇਰਨਾ ਭਾਸ਼ਣ ਤਹਿਤ ਕਿਹਾ ਕਿ ਹਰੇਕ ਨੇ ਆਪਣੇ ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣਾ ਹੈ। ਕਦਰਾਂ-ਕੀਮਤਾਂ ਅਤੇ ਸੱਭਿਆਚਾਰ ਨਾਲ ਜੁੜੀ ਸੰਸਥਾ ਤਰੱਕੀ ਵੱਲ ਵਧਦੀ ਹੈ। ਚੰਪਕ ਨੇ ਕਿਹਾ ਕਿ ਸ਼ਰਾਰਤੀ ਅਨਸਰਾਂ ਨੇ ਸੰਸਥਾ ਦੇ ਕੰਮ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ। ਜਥੇਬੰਦੀ ਇਨ੍ਹਾਂ ਵਿਅਕਤੀਆਂ ਖ਼?ਲਾਫ਼ ਕਾਰਵਾਈ ਕਰਕੇ ਇਨ੍ਹਾਂ ਦੇ ਕੰਮ ਵੱਲ ਧਿਆਨ ਦੇਵੇਗੀ। ਪ੍ਰੋਗਰਾਮ ਦੀ ਸਮਾਪਤੀ 'ਤੇ ਵਧੀਆ ਕੰਮ ਕਰਨ ਵਾਲੇ ਅਹੁਦੇਦਾਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

# ਬਹਾਦਰੀ, ਜ਼ਜਬਾ ਅਤੇ ਮਨੁੱਖੀ ਭਾਵਨਾ ਦੀ ਅਦੁੱਤੀ ਮਿਸਾਲ ਦਰਸਾਉਂਦਾ ਤਰਸੇਮ ਜੱਸੜ ਦਾ ਕਿਰਦਾਰ 'ਜ਼ਹੂਰ'

• ਚੰਡੀਗੜ੍ਹ

ਦੁਨੀਆ ਭਰ ਦੇ ਦਰਸ਼ਕ ਉਤਸੁਕਤਾ ਨਾਲ ਦਿਨ ਗਿਣ ਰਹੇ ਹਨ, ਕਿ ਕਦੋ 'ਮਸਤਾਨੇ', ਸਿਨੇਮਾਘਰਾਂ ਵਿਚ ਰਿਲੀਜ਼ ਹੋਵੇਗੀ। ਮੰਨੇ-ਪ੍ਰਮੰਨੇ ਅਭਿਨੇਤਾ ਤਰਸੇਮ ਜੱਸੜ 'ਜ਼ਹੂਰ' ਦੀ, ਇਹ ਫਿਲਮ ਸਿਲਵਰ ਸਕ੍ਰੀਨ 'ਤੇ ਬਹਾਦਰੀ ਅਤੇ ਹਿੰਮਤ ਨੂੰ ਮੁੜ ਪਰਿਭਾਸ਼ਤ ਕਰਨ ਦਾ ਵਾਅਦਾ ਕਰਦੀ ਹੈ। ਫਿਲਮ 'ਮਸਤਾਨੇ' ਵਿੱਚ ਤਰਸੇਮ ਜੱਸੜ 'ਜ਼ਹੂਰ' ਦੀ ਮਨਮੋਹਕ ਸ਼ਖਸੀਅਤ ਦੇ ਰੂਪ ਵਿੱਚ ਨਜ਼ਰ ਆ ਰਹੇ ਹਨ, ਇੱਕ ਅਜਿਹਾ ਪਾਤਰ ਜਿਸਦੀ ਸਿਆਣਪ, ਹਾਸੇ-ਮਜ਼ਾਕ ਅਤੇ ਜਜ਼ਬਾ ਦਰਸ਼ਕਾਂ ਨੂੰ ਅਜਿਹਾ ਮੋਹਿਤ ਕਰਨ ਲਈ ਤਿਆਰ ਹੈ ਜਿੰਨਾ ਪਹਿਲਾਂ ਕਦੇ ਨਹੀਂ ਹੋਇਆ। ਜਿਵੇਂ ਕਿ ਜ਼ਹੂਰ ਆਪਣੇ ਆਪ ਨੂੰ ਸਾਜ਼ਿਸ਼ਾਂ ਅਤੇ ਖਤਰਿਆਂ ਨਾਲ ਭਰੀ ਦੁਨੀਆਂ ਵਿੱਚ ਧੱਕਦਾ ਹੈ, ਉਹ ਇੱਕ ਅਜਿਹੀ ਯਾਤਰਾ ਸ਼ੁਰੂ ਕਰਦਾ ਹੈ ਜੋ ਉਸਦੀ ਪਛਾਣ ਨੂੰ ਚੁਣੌਤੀ ਦਿੰਦਾ ਹੈ ਅਤੇ ਉਸਦੀ ਬਹਾਦਰੀ ਦੀਆਂ ਸੀਮਾਵਾਂ ਦੀ ਪਰਖ ਕਰਦਾ ਹੈ। 'ਮਸਤਾਨੇ' ਪਛਾਣ, ਬਹਾਦਰੀ, ਅਤੇ ਅਦੁੱਤੀ ਮਨੁੱਖੀ ਭਾਵਨਾ ਦੇ ਤੱਤ ਦੀ ਪੜਚੋਲ ਕਰਦਾ ਹੈ। ਤਰਸੇਮ ਜੱਸੜ ਦੀ ਬੇਮਿਸਾਲ ਭੂਮਿਕਾ 'ਜ਼ਹੂਰ' ਦੇ ਜੀਵਨ ਦੇ ਸਫ਼ਰ ਨੂੰ ਪ੍ਰਭਾਸ਼ਿਤ ਕਰਦੀ ਹੈ, ਜਿਸ ਨੇ ਦਰਸ਼ਕਾਂ ਨੂੰ ਹੈਰਾਨ ਕਰ ਦਿੱਤਾ ਹੈ।

ਮੁੱਖ ਅਭਿਨੇਤਾ ਤਰਸੇਮ ਜੱਸੜ, ਆਪਣੇ



ਤਜ਼ਰਬੇ ਨੂੰ ਸਾਂਝਾ ਕਰਦੇ ਹੋਏ ਖੁਸ਼ ਹਨ, "ਇਹ ਭੂਮਿਕਾ ਨਿਭਾਉਣਾ ਮੇਰੇ ਲਈ ਨਿਸ਼ਚਿਤ ਤੌਰ 'ਤੇ ਮਾਣ ਵਾਲੀ ਗੱਲ ਹੈ। ਅਸੀਂ ਸਿੱਖ ਕੌਮ ਦੇ ਹੱਕਾਂ ਲਈ ਲੜਨ ਵਾਲੇ ਸਾਡੇ ਅਣਗਿਣਤ ਨਾਇਕਾਂ, ਸਾਡੇ ਗੁਰੂਆਂ, ਸਾਡੇ ਯੋਧਿਆਂ ਬਾਰੇ ਸੁਣਿਆ ਹੈ। ਉਨ੍ਹਾਂ ਦੀਆਂ ਕੁਰਬਾਨੀਆਂ, ਬਹਾਦਰੀ, ਉਨ੍ਹਾਂ ਦੀ ਦਿਆਲਤਾ ਦਾ ਮਤਲਬ ਉਹ ਸਭ ਕੁਝ ਹੈ ਜੋ ਅੱਜ ਵੀ ਸਿੱਖਾਂ ਨੂੰ ਵਿਸ਼ਵ ਭਰ ਵਿੱਚ ਚਮਕਾਉਂਦਾ ਹੈ। ਅਸੀਂ ਆਪਣੇ ਨੌਜਵਾਨਾਂ ਨੂੰ ਦਿਖਾਉਣ ਅਤੇ ਉਨ੍ਹਾਂ ਨੂੰ ਆਪਣੀਆਂ ਬਹਾਦਰ ਜੜ੍ਹਾਂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ। ਵੇਹਲੀ ਜਨਤਾ ਫਿਲਮਜ਼ ਅਤੇ ਓਮਜੀਜ਼ ਸਿਨੇ ਵਰਲਡ ਦੁਆਰਾ ਪੇਸ਼ ਕੀਤਾ ਗਿਆ, 'ਮਸਤਾਨੇ' ਇੱਕ ਸਹਿਯੋਗੀ ਪ੍ਰੋਜੈਕਟ ਹੈ ਜੋ ਮਨਪ੍ਰੀਤ ਜੌਹਲ ਦੁਆਰਾ ਆਸ਼ੂ ਮੁਨੀਸ਼ ਸਾਹਨੀ ਦੇ ਨਾਲ ਤਿਆਰ ਕੀਤਾ ਗਿਆ ਹੈ। ਫਿਲਮ ਸ਼ਰਨ ਆਰਟ ਦੁਆਰਾ ਲਿਖੀ ਅਤੇ ਨਿਰਦੇਸ਼ਿਤ ਕੀਤੀ ਗਈ ਹੈ। 'ਮਸਤਾਨੇ' ਦਾ ਟਰੇਲਰ ਪ੍ਰਤਿਭਾਸ਼ਾਲੀ ਟੀਮ ਦੁਆਰਾ ਬਣਾਈ ਗਈ ਅਸਾਧਾਰਨ ਦੁਨੀਆ ਦੀ ਇੱਕ ਝਲਕ ਪੇਸ਼ ਕਰਦਾ ਹੈ, ਜਿਸ ਵਿੱਚ ਤਰਸੇਮ ਜੱਸੜ, ਸਿਮੀ ਚਾਹਲ, ਗੁਰਪ੍ਰੀਤ ਘੁੱਗੀ, ਕਰਮਜੀਤ ਅਨਮੋਲ, ਰਾਹੁਲ ਦੇਵ, ਆਰਿਫ਼ ਜ਼ਕਰੀਆ, ਅਵਤਾਰ ਗਿੱਲ, ਹਨੀ ਮੱਟੂ ਅਤੇ ਬਨਿੰਦਰ ਬੰਨੀ ਸ਼ਾਮਲ ਹਨ।




publisher/chief Editor
Aman Mehra
lok bani (news Paper)
lokbani08@gmail.com
www.lokbani.com
mob:99155-94111

Head Office:
Lokbani Sangam complex,Milap chowk jalandhar
Mob. 99155-94111

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਅਮਨ ਮੇਹਰਾ ਨੇ 'ਲੋਕ ਬਾਣੀ' ਦਾ ਇਹ ਅੰਕ ਰਚਨਾ ਪ੍ਰਿੰਟਰ, ਰੇਲਵੇ ਰੋਡ ਜਲੰਧਰ (ਪੰਜਾਬ) ਤੋਂ ਛਪਵਾ ਕੇ ਦਫਤਰ 'ਲੋਕ ਬਾਣੀ' ਸੰਗਮ ਕੰਪਲੈਕਸ ਮਿਲਾਪ ਚੌਂਕ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ।
RNI. PUNPUN/29016/2008

मालिक, प्रकाशक, प्रिंटर व संपादक अमन मेहरा ने लोक बाणी का यह अंक रचना प्रिंटर, रेलवे रोड जलंधर ( पंजाब ) से छपवाकर दफ्तर लोक बाणी संगम कंपलेक्स मिलाप चौक जलंधर ( पंजाब ) से प्रकाशित किया।
RNI. PUNPUN/29016/2008

Editor, printers and publisher Aman Mehra, Printed at Rachna printers, Railwy Road Jalandhar (punjab) Office lokbani, Sangam complex Milap Chowk Jalandhar (punjab)
RNI. PUNPUN/29016/2008





# ਦੋ ਰੋਜ਼ਾ ਰਾਸ਼ਟਰੀ ਓਨਕੋਲੋਜੀ ਕਾਨਫਰੰਸ ਸ਼ੁਰੂ ਹੋਈ

**• ਮੋਹਾਲੀ**

ਸ਼ਨੀਵਾਰ ਨੂੰ ਮੋਹਾਲੀ ਦੇ ਇੱਕ ਹੋਟਲ ਵਿੱਚ ਸ਼ੁਰੂ ਹੋਈ ਦੋ ਰੋਜ਼ਾ ਨੈਸ਼ਨਲ ਓਨਕੋਲੋਜੀ ਕਾਨਫਰੰਸ 'ਪ੍ਰੀਸੀਜ਼ਨ ਮੈਡੀਸਨ ਐਂਡ ਮੋਲੇਕਿਊਲਰ ਓਨਕੋਲੋਜੀ' ਵਿੱਚ ਦੇਸ਼ ਭਰ ਤੋਂ 150 ਦੇ ਕਰੀਬ ਕੈਂਸਰ ਮਾਹਿਰਾਂ ਨੇ ਸ਼ਿਰਕਤ ਕੀਤੀ। ਡਾ. ਸਚਿਨ ਗੁਪਤਾ, ਸੀਨੀਅਰ ਓਨਕੋਲੋਜਿਸਟ, ਜੋ ਕਾਨਫਰੰਸ ਦਾ ਆਯੋਜਨ ਕਰ ਰਹੇ ਹਨ, ਨੇ ਕਿਹਾ, ਕਿਉਂਕਿ ਕੈਂਸਰ ਵਿਸ਼ਵਵਿਆਪੀ ਸਿਹਤ ਚੁਣੌਤੀਆਂ ਵਿੱਚੋਂ ਇੱਕ ਹੈ, ਇਸ ਲਈ ਮਾਹਿਰਾਂ ਦੀ ਇਸ ਕਾਨਫਰੰਸ ਤੋਂ ਪਰਿਵਰਤਨਸ਼ੀਲ ਨਤੀਜੇ ਨਿਕਲਣ ਦੀ ਉਮੀਦ ਹੈ ਜੋ ਮਰੀਜ਼ਾਂ ਅਤੇ ਡਾਕਟਰਾਂ ਦੋਵਾਂ ਨੂੰ ਸਿੱਧੇ ਤੌਰ 'ਤੇ ਲਾਭ ਪਹੁੰਚਾਏਗੀ।

ਡਾ ਸ਼ਵੇਤਾ ਗੁਪਤਾ ਸੀਨੀਅਰ ਗਾਇਨਾਕੋਲੋਜਿਸਟ, ਲੈਪਰੋਸਕੋਪਿਕ ਅਤੇ ਰੋਬੋਟਿਕ ਸਰਜਨ ਨੇ ਔਰਤਾਂ ਲਈ ਕੈਂਸਰ ਦੇ ਇਲਾਜ ਵਿੱਚ ਤਰੱਕੀ ਨੂੰ ਸਮਰਪਿਤ ਇੱਕ ਸੈਸ਼ਨ ਦਾ ਸੰਚਾਲਨ ਕੀਤਾ। ਕਾਨਫਰੰਸ ਵਿੱਚ ਪ੍ਰਸਿੱਧ ਮੋਲੀਕਿਊਲਰ ਔਨਕੋਲੋਜਿਸਟ ਡਾ. ਅਮਿਤ ਵਰਮਾ ਦੀ ਅਗਵਾਈ ਵਿੱਚ ਕੈਂਸਰ ਦੇ ਗੁੰਝਲਦਾਰ ਮਾਮਲਿਆਂ 'ਤੇ ਕੇਂਦ੍ਰਿਤ ਚਰਚਾ ਵੀ ਹੋਈ। ਡਾ: ਅਮਿਤ ਨੇ ਕਿਹਾ ਕਿ ਕਾਨਫਰੰਸ ਸਮਝਦਾਰੀ ਦੇ ਅਦਾਨ-ਪ੍ਰਦਾਨ ਅਤੇ ਗੁੰਝਲਦਾਰ ਮਾਮਲਿਆਂ ਦੇ ਸੰਭਾਵੀ ਹੱਲ ਲਈ ਮਦਦ ਕਰੇਗੀ।

ਕਾਨਫ਼ਰੰਸ ਦੌਰਾਨ ਬਾਲ ਕੈਂਸਰ ਮਾਹਿਰ ਡਾ ਕ੍ਰਿਤਿਕਾ ਗੋਇਲ ਨੇ ਬਚਪਨ ਦੇ ਕੈਂਸਰ ਬਾਰੇ ਗੱਲ ਕੀਤੀ ਇਸ ਮੌਕੇ, ਵੈਟਰਨ ਓਨਕੋਲੋਜਿਸਟ ਡਾ. ਅਸ਼ੋਕ ਵੈਦ ਨੂੰ ਖੇਤਰ ਵਿੱਚ ਉਨ੍ਹਾਂ ਦੇ ਯੋਗਦਾਨ ਵਜੋਂ ਸਨਮਾਨਿਤ ਕੀਤਾ ਗਿਆ। ਡਾ ਹਰਿਤ ਚਤੁਰਵੇਦੀ ਸੀਨੀਅਰ ਹੈੱਡ ਆਫ਼ ਓਨਕੋਲੋਜੀ ਸਰਵਿਸਿਜ਼, ਮੈਕਸ ਹਸਪਤਾਲ ਦਿੱਲੀ, ਡਾ. ਰਾਕੇਸ਼ ਕਪੂਰ ਪੀਜੀਆਈਐਮਈਆਰ ਚੰਡੀਗੜ੍ਹ ਅਤੇ ਡਾ. ਡੀ.ਸੀ. ਡੋਵਾਲ ਡਾਇਰੈਕਟਰ ਓਨਕੋਲੋਜੀ ਰਾਜੀਵ ਗਾਂਧੀ ਕੈਂਸਰ ਇੰਸਟੀਚਿਊਟ ਦਿੱਲੀ ਨੂੰ ਵੀ ਸਨਮਾਨਿਤ ਕੀਤਾ ਗਿਆ।



# ਮਾਤਾ ਜੀਤੋ ਜੀ ਜੱਚਾ-ਬੱਚਾ ਸੰਸਥਾ ਵਲੋਂ ਮੈਡੀਕਲ ਕੈਂਪ ਲਗਾਇਆ

## ਐਲਰਜੀ ਤੇ ਆਈ ਫਲੂ ਦੇ ਡਰੋਪਸ ਵੀ ਦਿੱਤੇ ਗਏ



**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਕੇਅਰ ਵਨ ਕੇਅਰ ਆਲ ਗਰੁੱਪ ਪੰਜਾਬ ਅਤੇ ਮਾਤਾ ਜੀਤੋ ਜੀ ਜੱਚਾ-ਬੱਚਾ ਸੰਸਥਾ ਪੰਜਾਬ ਵੱਲੋਂ ਪਹਿਲਾਂ ਆਏ ਹੜਾਂ ਤੋਂ ਬਾਅਦ ਜਿੱਥੇ ਲੋਕਾਂ ਦਾ ਭਾਰੀ ਨੁਕਸਾਨ ਹੋਇਆ ਉੱਥੇ ਵਾਤਾਵਰਣ ਵੀ ਖ਼ਰਾਬ ਹੋਣ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੀ ਭਰਮਾਰ ਹੈ ਇਹ ਸੰਸਥਾ ਸਿਹਤ ਵਿਭਾਗ ਦੇ ਨਾਲ ਮਿਲ ਕੇ ਪਿੰਡ- ਪਿੰਡ ਵਿੱਚ ਜਾ ਕੇ ਮੈਡੀਕਲ ਕੈਂਪ ਲਗਾ ਰਹੀ ਹੈ ਇਸ ਸਮੇਂ ਪਿੰਡਾਂ ਵਿੱਚ ਐਲਰਜੀ ਅਤੇ ਆਈ ਫਲੂ ਦੀ ਬਿਮਾਰੀ ਬਹੁਤ ਚੱਲ ਰਹੀ ਹੈ। ਸਾਰਾ ਏਰੀਆ ਇਸ ਬਿਮਾਰੀ ਦੇ ਘੇਰੇ ਵਿੱਚ ਹੈ ਕੀਰਤਪੁਰ ਸਾਹਿਬ ਦੇ ਕਾਰਜਕਾਰੀ ਮੈਡੀਕਲ ਅਫਸਰ ਡਾ. ਜੰਗਜੀਤ ਸਿੰਘ ਦੇ ਨਿਰਦੇਸ਼ਾਂ ਦੇ ਨਾਲ ਕੇਅਰ ਵਨ ਕੇਅਰ ਆਲ ਗਰੁੱਪ ਆਸਟਰੇਲੀਆ ਅਤੇ ਮਾਤਾ ਜੀਤੋ ਜੀ ਜੱਚਾ-ਬੱਚਾ ਸੰਸਥਾ ਪੰਜਾਬ ਵੱਲੋਂ ਜਿੱਥੇ ਚੰਗਰ ਏਰੀਆ ਵਿੱਚ ਮੈਡੀਕਲ ਕੈਂਪ ਲਗਾ ਕੇ ਆਈ ਫਲੂ ਐਲਰਜੀ ਅਤੇ ਗੋਰਮੈਂਟ ਸਪਲਾਈ ਦੀ ਬੀ ਪੀ, ਸ਼ੂਗਰ ਦੀ ਬਿਮਾਰੀ ਦਾ ਖਾਸ ਇਲਾਜ ਕੀਤਾ ਜਾਂਦਾ ਹੈ। ਇਸ ਏਰੀਆ ਵਿੱਚ ਬੀ ਪੀ ਅਤੇ ਸ਼ੁਗਰ ਦੇ ਬਹੁਤ ਮਰੀਜ਼ ਹਨ। ਅੱਜ ਦਾ ਮੈਡੀਕਲ ਕੈਂਪ ਖ਼ਾਸ ਕਰਕੇ ਕਈ ਪਿੰਡਾਂ ਤੋਂ ਆਏ ਬਜ਼ੁਰਗਾਂ ਵਿੱਚ ਲਗਾਇਆ ਗਿਆ। ਇੰਨਾ ਬਜ਼ੁਰਗਾਂ ਦਾ ਮੈਡੀਕਲ ਚੈੱਕ- ਅਪ ਕੀਤਾ ਅਤੇ ਐਲਰਜੀ ਤੇ ਆਈਸ ਫਲੂ ਦੇ ਡਰੋਪ?ਸ ਦਿੱਤੇ ਗਏ।ਸੰਸਥਾ ਵੱਲੋਂ ਹਰ ਮਹੀਨੇ ਦੀ ਤਰ੍ਹਾਂ ਲੋੜਵੰਦਾਂ ਬਜ਼ੁਰਗਾਂ ਅਤੇ ਵਿਧਵਾ 45 ਦੇ ਕਰੀਬ ਪਰਿਵਾਰਾਂ ਨੂੰ ਰਾਸ਼ਨ ਵੰਡਿਆ ਇਹ ਸੇਵਾ ਕੇਅਰ ਵਨ ਕੇਅਰ ਆਲ ਗਰੁੱਪ ਅਸਟ?ਰੇਲੀਆ ਅਤੇ ਮਾਤਾ ਜੀਤੋ ਜੀ ਜੱਚਾ-ਬੱਚਾ ਸੰਸਥਾ ਵੱਲੋਂ ਇਹ ਸੇਵਾ ਲਗਾਤਾਰ ਡੇਢ ਸਾਲ ਤੋਂ ਜਾਰੀ ਹੈ।

# ਹਲਕਾ ਇੰਚਾਰਜ ਸਮਸੇਰ ਸਿੰਘ ਵਲੋਂ ਸਹੀਦ ਪਰਿਵਾਰਾਂ ਦੇ ਮੈਂਬਰਾਂ ਨੂੰ ਸਨਮਾਨਿਤ ਕੀਤਾ



**• ਦੋਰਾਂਗਲਾ/ਰਾਕੇਸ਼ ਜੀਵਨ ਚੱਕ**

ਪੰਜਾਬ ਸਰਕਾਰ ਵਲੋਂ ਸੁਰੂ ਕੀਤੀ ਮੁਹਿੰਮ ਤਹਿਤ ਅੱਜ ਪਿੰਡ ਜੀਵਨ ਚੱਕ ਵਿੱਖੇ ਸਹੀਦ ਪਰਿਵਾਰਾਂ ਦੇ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ । ਜਿਸ ਵਿੱਚ ਦੀਨਾਨਗਰ ਹਲਕਾ ਇੰਚਾਰਜ ਆਮ ਆਦਮੀ ਪਾਰਟੀ ਸਮਸੇਰ ਸਿੰਘ ਵਲੋਂ ਵਿਸੇ?ਸ ਤੌਰ ਤੇ ਪਹੁੰਚ ਕੇ ਆਪਣੇ ਵਤਨ ਦੀ ਆਜਾਦੀ ਅਤੇ ਅਣਖ ਦੀ ਰਾਖੀ ਲਈ ਜਾਨਾਂ ਵਾਰਨ ਵਾਲੇ ਸਹੀਦਾਂ ਨੂੰ ਕੋਟਿ ਕੋਟਿ ਪ੍ਣਾਮ ਕੀਤਾ ਅਤੇ ਸਹੀਦਾਂ ਦੇ ਪਰਿਵਾਰਾਂ ਨੂੰ ਸਿਰੋਪਾਓ ਸਾਹਿਬ ਪਾ ਕੇ ਸਨਮਾਨਿਤ ਕੀਤਾ ਗਿਆ । ਇਸ ਸਮੇਂ ਹਲਕਾ ਇੰਚਾਰਜ ਸਮੇਸਰ ਸਿੰਘ ਵਲੋਂ ਕਿਹਾ ਕਿ ਦੇਸ਼ ਦੀ ਖਾਤਰ ਆਪਣੀਆਂ ਜਾਨਾਂ ਵਾਰਨ ਵਾਲੇ ਸਹੀਦਾਂ ਦੀਆਂ ਕੁਰਬਾਨੀਆਂ ਦਾ ਬਦਲਾ ਅਸੀ ਕਦੇ ਵੀ ਨਹੀ ਦੇ ਸਕਦੇ ਅਤੇ ਉਹਨਾਂ ਵਲੋਂ ਕੀਤੀਆਂ ਕੁਰਬਾਨੀਆਂ ਦੇਸ ਵਾਸ਼ੀ ਹਮੇਸ਼ਾਂ ਯਾਦ ਰੱਖਣਗੇ । ਇਸ ਸਮੇਂ ਹਲਕਾ ਇੰਚਾਰਜ ਸਮਸੇਰ ਸਿੰਘ ਵਲੋਂ ਫਰੀਡਮ ਵਾਈਟਰ ਸਹੀਦ ਦਿਲਬਾਗ ਸਿੰਘ ਜੀਵਨ ਚੱਕ ,ਸਹੀਦ ਕਰਮ ਸਿੰਘ ਜੀਵਨ ਚੱਕ,ਸਹੀਦ ਸੁਰੈਣ ਸਿੰਘ ਜੀਵਨ ਚੱਕ ਨੂੰ ਸਰਧਾ ਦੇ ਫੁੱਲ ਭੇਂਟ ਕੀਤੇ ਗਏ । ਇਸ ਸਮੇਂ ਉਹਨਾਂ ਨਾਲ ਬੀਡੀਪੀਓ ਦੋਰਾਂਗਲਾ ਸੁਕਲਾ ਦੇਵੀ ,ਦਲਬੀਰ ਸਿੰਘ ,ਬਲਦੇਵ ਸਿੰਘ ,ਹਰਦਿਆਲ ਸਿੰਘ , ਰਣਜੀਤ ਸਿੰਘ ,ਤਰਸੇਮ ਸਿੰਘ ਆਦਿ ਹਾਜ਼ਰ ਸਨ ।

# ਪੰਜਾਬ ਨਾਨ ਗਜ਼ਟਿਡ ਆਫੀਸਰਜ਼ ਯੂਨੀਅਨ ਮੰਡਲ ਨਵਾਂਸ਼ਹਿਰ ਅਤੇ ਗੜਸ਼ੰਕਰ ਦੀ ਵਣ ਮੰਡਲ ਅਫਸਰ (ਨਵਾਂਸ਼ਹਿਰ ਅਤੇ ਗੜਸ਼ੰਕਰ) ਜੀ ਨਾਲ ਹੋਈ ਮੀਟਿੰਗ



**• ਬਲਾਚੌਰ /ਕਾਠਗੜ੍ਹ/ਜਤਿੰਦਰ ਪਾਲ ਸਿੰਘ ਕਲੇਰ**

ਮੰਡਲ ਕਮੇਟੀ ਨਵਾਂਸ਼ਹਿਰ ਮੰਡਲ ਵੱਲੋਂ ਵਣ ਮੰਡਲ ਅਫਸਰ ਨਵਾਂਸ਼ਹਿਰ ਜੀ ਨਾਲ ਕੀਤੀ ਗਈ।ਫੀਲਡ ਕਰਮਚਾਰੀਆਂ ਦੇ ਨਿੱਜੀ ਕੇਸਾਂ ਦੇ ਹੱਲ ਬਾਰੇ,ਨਰਸਰੀਆਂ ਦੇ ਅਤੇ ਪਲਾਂਟੇਸ਼ਨ ਦੇ ਫੰਡ ਜਾਰੀ ਕਰਨ ਬਾਰੇ,ਨਵੇਂ ਵਣ ਗਾਰਡਾਂ ਦੀ ਨਿਯੁਕਤੀ ਬਾਰੇ ਅਤੇ ਹੋਰ ਮੰਡਲ ਲੈਵਲ ਤੇ ਪੈਂਡਿੰਗ ਮੰਗਾਂ ਦੇ ਹੱਲ ਬਾਰੇ ਵਿਚਾਰ ਚਰਚਾ ਹੋਈ। ਇਹਨਾਂ ਮੰਗਾਂ ਅਤੇ ਮੁਸ਼ਕਿਲਾਂ ਦੇ ਹੱਲ ਬਾਰੇ ਵਣ ਮੰਡਲ ਅਫਸਰ ਜੀ ਵੱਲੋਂ ਪੂਰਾ ਭਰੋਸਾ ਦਵਾਇਆ ਗਿਆ।ਮੀਟਿੰਗ ਵਿੱਚ ਸਾਥੀ ਮੰਡਲ ਪ੍ਧਾਨ ਗੁਰਮੋਹਨ ਸਿੰਘ,ਮੰਡਲ ਸਕੱਤਰ ਰਵਿੰਦਰ ਸਿੰਘ,ਭੁਪਿੰਦਰ ਸਿੰਘ,ਜਸਵਿੰਦਰ ਸਿੰਘ ਹਾਜ਼ਰ ਹੋਏ।

St. Soldier
GROUP OF INSTITUTIONS
SINCE 1958
EDUCATIONAL 64 YEARS EXCELLENCE
MORE THAN
•56 Colleges & Schools •200 Merit Positions
•125 Companies For Placements
•75 Academic Courses
•2000 Placements In 2022 - 2023
•42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.* • Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB
• PG DIPLOMA IN CYBER LAW
TEACHER / PHYSICAL EDUCATION
• BPES • B.Ed. • D.El.Ed. • B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
/stsoldiergroup
www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565

# ਆਈਵੀ ਹਸਪਤਾਲ, ਹੁਸ਼ਿਆਰਪੁਰ ਵਿਖੇ ਦੁਰਲੱਭ ਆਈਵੀਐਫ ਕੇਸ ਸਫਲਤਾਪੂਰਵਕ ਕੀਤਾ

## ਹਸਪਤਾਲ ਨੇ ਹਫਤਾਵਾਰੀ ਰੀਪ੍ਰੋਡਕਟਿਵ ਮੈਡੀਸਨ ਕਲੀਨਿਕ ਓ.ਪੀ.ਡੀ ਸ਼ੁਰੂ ਕਰਨ ਦਾ ਵੀ ਐਲਾਨ ਕੀਤਾ

**• ਹੁਸ਼ਿਆਰਪੁਰ**

ਹਾਲ ਹੀ ਵਿੱਚ ਆਈਵੀਐਫ ਦੇ ਇੱਕ ਦੁਰਲੱਭ ਕੇਸ ਦਾ ਆਈਵੀ ਹਸਪਤਾਲ, ਹੁਸ਼ਿਆਰਪੁਰ ਵਿੱਚ ਸਫਲਤਾਪੂਰਵਕ ਇਲਾਜ ਕੀਤਾ ਗਿਆ। ਨਿਰਾਸ਼ ਜੋੜੇ ਨੇ ਕਈ ਹਸਪਤਾਲਾਂ ਦਾ ਦੌਰਾ ਕੀਤਾ ਪਰ ਕੋਈ ਫਾਇਦਾ ਨਹੀਂ ਹੋਇਆ। ਆਖਰਕਾਰ ਉਹ ਆਈਵੀ ਹਸਪਤਾਲ ਪਹੁੰਚਿਆ ਜਿੱਥੇ ਡਾ. ਮਾਨ ਦੁਆਰਾ ਇੱਕ ਵਿਆਪਕ ਮੁਲਾਂਕਣ ਤੋਂ ਬਾਅਦ, ਓਹਨਾਂ ਦੀ ਬਾਂਝਪਨ ਦਾ ਕਾਰਨ ਦੁਵੱਲੀ ਟਿਊਬਲ ਬਲਾਕੇਜ ਵਜੋਂ ਨਿਦਾਨ ਕੀਤਾ ਗਿਆ। ਇੱਕ ਸੰਪੂਰਨ ਪਹੁੰਚ ਨਾਲ, ਡਾ. ਮਾਨ ਨੇ ਜੋੜੇ ਨੂੰ ਸਲਾਹ ਦਿੱਤੀ, ਉਹਨਾਂ ਦੀ ਸਥਿਤੀ ਦੀਆਂ ਗੁੰਝਲਾਂ ਬਾਰੇ ਦੱਸਿਆ ਅਤੇ ਵਿਸ਼ਵਾਸ ਪੈਦਾ ਕੀਤਾ ਕਿ ਗਰਭ ਅਵਸਥਾ ਅਸਲ ਵਿੱਚ ਸੰਭਵ ਸੀ।

ਇਲਾਜ ਯੋਜਨਾ ਵਿੱਚ ਹਾਈਡ?ਰੋਟਿਊਬੇਸ਼ਨ ਨਾਮਕ ਇੱਕ ਨੌਨ-ਇਨਵੇਸਿਵਪ੍ਰਕਿਰਿਆ ਸ਼ਾਮਲ ਸੀ, ਜੋ ਕਿ ਇੱਕ ਨੌਨ-ਨਵੇਸਿਵ ਟਿਊਬ ਖੋਲ੍ਹਣ ਦੀ ਤਕਨੀਕ ਹੈ। ਇਹ ਪ੍ਰਕਿਰਿਆ ਮਾਹਵਾਰੀ ਚੱਕਰ ਦੇ 7 ਵੇਂ ਦਿਨ ਸਫਲਤਾਪੂਰਵਕ ਕੀਤੀ ਗਈ।

ਅਗਲੇ ਚੱਕਰ ਵਿੱਚ, ਔਰਤ ਨੂੰ ਉਸਦੀ ਮਾਹਵਾਰੀ ਦੇ ਦੂਜੇ ਦਿਨ ਤੋਂ ਓਵੂਲੇਸ਼ਨ ਇੰਡਕਸ਼ਨ ਦਵਾਈਆਂ ਦਿੱਤੀਆਂ ਗਈਆਂ। ਡਾ: ਮਾਨ ਨੇ ਕਿਹਾ ਕਿ ਨਤੀਜੇ ਵਜੋਂ ਲੰਬੇ ਸਮੇਂ ਤੋਂ ਉਡੀਕ ਕੀਤੀ ਗਈ ਪ੍ਰੈਗਨੈਂਸੀ ਹੋ ਗਈ। ਡਾ: ਅਮਨਦੀਪ ਮਾਨ ਨੇ ਕਿਹਾ, "ਸਾਡਾ ਫੋਕਸ ਹਮੇਸ਼ਾ ਵਿਅਕਤੀਗਤ ਦੇਖਭਾਲ ਪ੍ਰਦਾਨ ਕਰਨ, ਉਮੀਦ ਜਗਾਉਣ ਅਤੇ ਅਡਵਾਂਸ ਮੈਡੀਕਲ ਤਕਨੀਕਾਂ ਦੀ ਵਰਤੋਂ ਕਰਨ 'ਤੇ ਰਿਹਾ ਹੈ ਤਾਂ ਜੋ ਜੋੜਿਆਂ ਨੂੰ ਪਰਿਵਾਰ ਸ਼ੁਰੂ ਕਰਨ ਦੇ ਸੁਪਨਿਆਂ ਨੂੰ ਸਾਕਾਰ ਕੀਤਾ ਜਾ ਸਕੇ। ਇਸ ਦੌਰਾਨ, ਹਸਪਤਾਲ ਪ੍ਰਬੰਧਨ ਨੇ ਡਾਕਟਰ ਗਰਿਮਾ ਦੇ ਆਈਵੀ ਹੈਲਥ ਕੇਅਰ ਗਰੁੱਪ ਵਿੱਚ ਪ੍ਰਸੂਤੀ ਅਤੇ ਗਾਇਨੀਕੋਲੋਜੀ ਸਲਾਹਕਾਰ ਅਤੇ ਆਈਵੀਐਫ ਮਾਹਿਰ ਵਜੋਂ ਜੁਆਇਨ ਕਰਨ ਦਾ ਵੀ ਐਲਾਨ ਕੀਤਾ। ਸੁਖਵਿੰਦਰ ਸਿੰਘ, ਫੈਸਿਲਿਟੀ ਹੈੱਡ ਆਈਵੀ ਹਸਪਤਾਲ ਹੁਸ਼ਿਆਰਪੁਰ ਨੇ ਕਿਹਾ, " ਡਾ. ਗਰਿਮਾ ਆਈਵੀ ਹਸਪਤਾਲ, ਹੁਸ਼ਿਆਰਪੁਰ ਵਿਖੇਹਫਤਾਵਾਰੀ ਰੀਪ੍ਰੋਡਕਟਿਵ ਮੈਡੀਸਨ ਕਲੀਨਿਕ ਓ.ਪੀ.ਡੀ ਲਈ ਉਪਲਬਧ ਹੋਣਗੇ।



# ਸ਼ਹੀਦ ਕਰਨੈਲ ਸਿੰਘ ਈਸੜੂ ਦੇ ਰਾਜ ਪੱਧਰੀ ਸਮਾਗਮ ਦੀਆਂ ਤਿਆਰੀਆਂ ਸਬੰਧੀ ਸਿਵਲ ਤੇ ਪੁਲਿਸ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਕੀਤੀ ਰਿਵਿਊ ਮੀਟਿੰਗ

**• ਖੰਨਾ,(ਲੁਧਿਆਣਾ)/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ)**

ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਮਾਨ ਪਿੰਡ ਈਸੜੂ (ਖੰਨਾ) ਵਿਖੇ 15 ਅਗਸਤ ਨੂੰ ਪਹੁੰਚ ਕੇ ਗੋਆ ਦੀ ਅਜ਼ਾਦੀ ਦੇ ਮਹਾਨ ਸ਼ਹੀਦ ਮਾਸਟਰ ਕਰਨੈਲ ਸਿੰਘ ਈਸੜੂ ਜੀ ਦੇ ਆਦਮਕੱਦ ਬੁੱਤ ਤੇ ਫੁੱਲ ਮਾਲਾਵਾਂ ਭੇਟ ਕਰਕੇ ਸ਼ਹੀਦ ਨੂੰ ਸ਼ਰਧਾਂਜਲੀ ਅਰਪਿਤ ਕਰਨਗੇ। ਵਿਧਾਇਕ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਇਸ ਰਾਜ ਪੱਧਰੀ ਸਮਾਗਮ ਦੇ ਪ੍ਰਬੰਧ ਕਰਨ ਸਬੰਧੀ ਸਿਵਲ ਤੇ ਪੁਲਿਸ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਪਿੰਡ ਈਸੜੂ ਵਿਖੇ ਰਿਵਿਊ ਮੀਟਿੰਗ ਕੀਤੀ ਗਈ। ਇਸ ਮੌਕੇ ਉਹਨਾਂ ਦੇ ਨਾਲ ਸ੍ਰੀ ਅਮਰਜੀਤ ਬੈਂਸ ਵਧੀਕ ਮੁੱਖ ਪ੍ਰਸ਼ਾਸਕ, ਗਲਾਡਾ, ਉਪ ਮੰਡਲ ਮੈਜਿਸਟਰੇਟ ਖੰਨਾ ਸ਼੍ਰੀਮਤੀ ਸਵਾਤੀ ਟਿਵਾਣਾ ਵੀ ਸ਼ਾਮਲ ਸਨ।

ਵਿਧਾਇਕ ਸੌਂਦ ਨੇ ਕਿਹਾ ਕਿ ਇਸ ਰਾਜ ਪੱਧਰੀ ਸਮਾਗਮ ਦੇ ਓਵਰਆਲ ਇੰਚਾਰਜ ਸ੍ਰੀ ਅਮਰਜੀਤ ਬੈਂਸ ਵਧੀਕ ਮੁੱਖ ਪ੍ਰਸ਼ਾਸਕ ਗਲਾਡਾ, ਲੁਧਿਆਣਾ ਹੋਣਗੇ। ਇਸ ਮੌਕੇ ਜਾਣਕਾਰੀ ਦਿੰਦਿਆਂ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ 15 ਅਗਸਤ ਨੂੰ ਮੁੱਖ ਮੰਤਰੀ ਭਗਵੰਤ ਮਾਨ ਨਾਲ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀਆਂ, ਵਿਧਾਇਕਾਂ ਤੋਂ ਇਲਾਵਾ ਹੋਰ ਪ੍ਰਮੁੱਖ ਸਖਸ਼ੀਅਤਾਂ ਵੀ ਸ਼ਹੀਦ ਮਾਸਟਰ ਕਰਨੈਲ ਸਿੰਘ ਈਸੜੂ ਜੀ ਨੂੰ ਸ਼ਰਧਾਂਜਲੀ ਭੇਟ ਕਰਨਗੀਆਂ। ਇਸ ਰਾਜ ਪੱਧਰੀ ਸਮਾਗਮ ਦੇ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਵਧੀਕ ਮੁੱਖ ਪ੍ਰਸ਼ਾਸਕ ਗਲਾਡਾ ਲੁਧਿਆਣਾ ਸ੍ਰੀ ਅਮਰਜੀਤ ਬੈਂਸ ਦੇ ਨਾਲ ਉਪ ਮੰਡਲ ਮੈਜਿਸਟਰੇਟ ਖੰਨਾ ਸ਼੍ਰੀਮਤੀ ਸਵਾਤੀ ਟਿਵਾਣਾ ਨੇ ਪਿੰਡ ਈਸੜੂ ਵਿਖੇ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਰਾਜ ਪੱਧਰੀ ਸਮਾਗਮ ਨੂੰ ਸਫਲ ਬਣਾਉਣ ਲਈ ਪੁਖਤਾ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਜਾਰੀ ਕੀਤੇ। ਵਧੀਕ ਮੁੱਖ ਪ੍ਰਸ਼ਾਸਕ ਗਲਾਡਾ ਲੁਧਿਆਣਾ ਸ੍ਰੀ ਅਮਰਜੀਤ ਬੈਂਸ ਅਤੇ ਉਪ ਮੰਡਲ ਮੈਜਿਸਟਰੇਟ ਖੰਨਾ ਸ਼੍ਰੀਮਤੀ ਸਵਾਤੀ ਟਿਵਾਣਾ ਨੇ ਇਸ ਮੌਕੇ ਕਿਹਾ ਕਿ ਰਾਜ ਪੱਧਰੀ ਸਮਾਗਮ ਦੇ ਆਯੋਜਨ ਲਈ ਪਿੰਡ ਈਸੜੂ ਵਿਖੇ ਸ਼ਮੂਲੀਅਤ ਕਰਨ ਵਾਲੀ ਸੰਗਤ ਦੇ ਬੈਠਣ ਦਾ ਪ੍ਰਬੰਧ ਤੇ ਗਰਮੀ ਦੇ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਹੋਰ ਪੁਖ਼ਤਾ ਪ੍ਰਬੰਧ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਸ਼ਹੀਦ ਕਰਨੈਲ ਸਿੰਘ ਜੀ ਦੇ ਆਦਮਕੱਦ ਬੁੱਤ ਅਤੇ ਸਮਾਰਕ ਦੀ ਦਿੱਖ ਸਵਾਰਨ ਅਤੇ ਸ਼ਮਿਆਨਾ ਆਦਿ ਲਗਾਉਣ ਲਈ ਵੀ ਡਿਊਟੀਆਂ ਲਗਾਈਆਂ ਗਈਆਂ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਰਾਜ ਪੱਧਰੀ ਸਮਾਗਮ ਮੌਕੇ ਸੁਰੱਖਿਆ ਦੇ ਪੁਖਤਾ ਪ੍ਰਬੰਧ ਖੰਨਾ ਪੁਲਸ ਵੱਲੋਂ ਕੀਤੇ ਜਾਣਗੇ। ਇਸ ਮੌਕੇ ਹੈਲੀਪੈਡ, ਪਾਰਕਿੰਗ ਅਤੇ ਆਵਾਜਾਈ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਵੀ ਪੁਲਿਸ ਵਿਭਾਗ ਨੂੰ ਜਿੰਮੇਵਾਰੀ ਸੌਂਪੀ ਗਈ ਹੈ। ਉਨ੍ਹਾਂ ਦੱਸਿਆ ਕਿ ਨਿਰਵਿਘਨ ਬਿਜਲੀ ਦੀ ਸਪਲਾਈ ਚਾਲੂ ਰੱਖਣ ਲਈ ਬਿਜਲੀ ਵਿਭਾਗ ਦੇ ਅਧਿਕਾਰੀਆਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਹਨ। ਮੀਟਿੰਗ ਦੌਰਾਨ ਤਹਿਸੀਲਦਾਰ ਸ੍ਰੀ ਹਰਮਿੰਦਰ ਸਿੰਘ ਹੁੰਦਲ, ਡੀ.ਐਸ.ਪੀ ਸ੍ਰੀ ਰਾਜੇਸ਼ ਕੁਮਾਰ, ਨਾਇਬ ਤਹਿਸੀਲਦਾਰ ਸ੍ਰੀਮਤੀ ਗੁਰਪ੍ਰੀਤ ਕੌਰ ਚੀਮਾ, ਕਾਰਜ ਸਾਧਕ ਅਫਸਰ ਨਗਰ ਕੌਂਸਲ ਸ੍ਰੀ ਚਰਨਜੀਤ ਸਿੰਘ, ਸਕੱਤਰ ਮਾਰਕੀਟ ਕਮੇਟੀ ਖੰਨਾ ਸੁਰਜੀਤ ਸਿੰਘ, ਹਲਕਾ ਕੁਆਰਡੀਨੇਟਰ ਸ.ਜਗਤਾਰ ਸਿੰਘ ਰਤਨਹੇੜੀ, ਪੀ.ਏ ਸ੍ਰੀ ਮਹੇਸ਼ ਕੁਮਾਰ, ਸ੍ਰੀ ਲਛਮਣ ਸਿੰਘ, ਸ੍ਰੀ ਮਲਕੀਤ ਸਿੰਘ ਮੀਤਾ, ਸ੍ਰੀ ਜਗਤਾਰ ਸਿੰਘ ਅੱਜਲਾ, ਸ੍ਰੀ ਗੁਰਜੀਤ ਸਿੰਘ ਘੋਗਾ, ਮਾਸਟਰ ਰਾਮ ਸਿੰਘ, ਮਾਸਟਰ ਅਵਤਾਰ ਸਿੰਘ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਅਤੇ ਕਰਮਚਾਰੀ ਵੀ ਮੌਜੂਦ ਸਨ।

# ਜਲੰਧਰ ਦੇ ਕੁਲਵੰਤ ਰਾਏ ਦਾ ਹੋਇਆ ਪਰਸ ਚੋਰੀ

**ਜਲੰਧਰ/ਰਾਕੇਸ਼ ਵਰਮਾ**

ਸ਼ਹਿਰ ਦੇ ਨਾਮੀ ਸਮਾਜ ਸੇਵਕ ਤੇ ਖੁਸ਼ਦਿਲ ਮਿਜਾਜ਼ ਦੇ ਮਾਲਕ ਕੁਲਵੰਤ ਰਾਏ ਦਾ ਮਿਤੀ 12ਨੂੰ ਉਹ ਆਪਣੇ ਘਰ ਤੋ ਰੇਰੂ ਚੋਕ ਵਿੱਚ ਫੱਲ ਲੈਣ ਗਏ ਤਾ ਉਨ੍ਹਾਂ ਦਾ ਪਰਸ ਜੇਬ ਵਿਚੋ ਨਿਕਲ ਗਿਆ ਜਿਸ ਦੀ ਸੂਚਨਾ ਉਨ੍ਹਾਂ ਨੇ ਪੁਲਿਸ ਨੂੰ ਦਿੱਤੀ ਤੇ ਦਸਿਆ ਕਿ ਉਨ੍ਹਾਂ ਦੇ ਪਰਸ ਵਿਚ ਨਗਦੀ ਤੇ ਬੈਕਾਂ ਦੇ ਕਾਰਡ ਲਾਇਸੈਂਸ ਆਦਿ ਜਰੂਰੀ ਦਸਤਾਵੇਜ਼ ਸਨ, ਜਿਸ ਦੀ ਸੂਚਨਾ ਦੇਣ ਵਾਲੇ ਨੂੰ ਉਚਿਤ ਇਨਾਮ ਦਿੱਤਾ ਜਾਵੇਗਾ।



# ਡਿਪਸ ਦੇ ਪ੍ਰਾਇਮਰੀ ਵਿਭਾਗ ਵੱਲੋਂ ਮਾਵਾਂ ਲਈ ਵਰਕਸ਼ਾਪ ਲਗਾਈ

**• ਜਲੰਧਰ**

ਮਾਵਾਂ ਅਤੇ ਬੱਚਿਆਂ ਵਿੱਚ ਤਾਲਮੇਲ ਵਧਾਉਣ ਅਤੇ ਸਿੱਖਿਆ ਵਿੱਚ ਆ ਰਹੀਆਂ ਤਬਦੀਲੀਆਂ ਨੂੰ ਸਮਝਾਉਣ ਲਈ ਡਿਪਸ ਸਕੂਲ ਢਿਲਵਾਂ ਦੇ ਪ੍ਰਾਇਮਰੀ ਵਿਭਾਗ ਵੱਲੋਂ ਮਾਂ ਦੀ ਵਰਕਸ਼ਾਪ ਲਗਾਈ ਗਈ। ਇਹ ਵਰਕਸ਼ਾਪ ਪ੍ਰਿੰਸੀਪਲ ਹਰੀ ਓਮ ਦੀ ਪ੍ਰਧਾਨਗੀ ਹੇਠ ਸੰਪੰਨ ਹੋਈ। ਇਸ ਦਾ ਮੁੱਖ ਮਕਸਦ ਮਾਵਾਂ ਨੂੰ ਬੱਚਿਆਂ ਦੀ ਪੜ੍ਹਾਈ ਅਤੇ ਵਧਦੀ ਉਮਰ ਦੇ ਨਾਲ ਉਨ੍ਹਾਂ ਵਿੱਚ ਆ ਰਹੀਆਂ ਤਬਦੀਲੀਆਂ ਬਾਰੇ ਜਾਗਰੂਕ ਕਰਨਾ ਸੀ।



ਵਰਕਸ਼ਾਪ ਦੀ ਸ਼ੁਰੂਆਤ ਵਿੱਚ ਅਧਿਆਪਕਾਂ ਨੇ ਮਾਵਾਂ ਨੂੰ ਕਿਹਾ ਕਿ ਇਸ ਉਮਰ ਵਿੱਚ ਬੱਚੇ ਜ਼ਿਆਦਾ ਦੇਰ ਤੱਕ ਬੈਠ ਕੇ ਨਹੀਂ ਪੜ੍ਹਦੇ, ਇਸ ਲਈ ਉਨ੍ਹਾਂ ਨੂੰ ਪੜ੍ਹਾਉਣ ਲਈ ਵੱਖ-ਵੱਖ ਰਚਨਾਤਮਕ ਤਰੀਕੇ ਅਪਣਾਉਣੇ ਚਾਹੀਦੇ ਹਨ। ਮਾਵਾਂ ਖੇਡਾਂ ਰਾਹੀਂ ਬੱਚਿਆਂ ਨੂੰ ਗਿਣਤੀ, ਅੱਖਰ, ਰੰਗ, ਆਕਾਰ ਆਦਿ ਚੀਜ਼ਾਂ ਸਮਝਾਉਣ ਦੀ ਕੋਸ਼ਿਸ਼ ਕਰਨ। ਇਸ ਤੋਂ ਇਲਾਵਾ, ਮਾਵਾਂ ਨੂੰ ਕਿਹਾ ਗਿਆ ਕਿ ਜਦੋਂ ਵੀ ਉਹ ਸਕੂਲ ਤੋਂ ਘਰ ਆਉਂਦੇ ਹਨ ਤਾਂ ਉਹ ਆਪਣੇ ਬੱਚਿਆਂ ਨੂੰ ਉਨ੍ਹਾਂ ਦੀ ਰੋਜ਼ਾਨਾ ਰੁਟੀਨ ਬਾਰੇ ਪੁੱਛਣ ਅਤੇ ਉਨ੍ਹਾਂ ਦੇ ਕਿਸੇ ਵੀ ਸਵਾਲ ਦਾ ਜਵਾਬ ਦੇਣ ਦੀ ਕੋਸ਼ਿਸ਼ ਕਰਨ। ਇਸ ਤੋਂ ਇਲਾਵਾ ਵੱਖ-ਵੱਖ ਖੇਡਾਂ ਕਰਵਾਇਆਂ ਗਇਆ੍ਹ ਇਸ ਵਿੱਚ ਸਾਰਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।

ਇਸ ਦੌਰਾਨ ਪਿ੍ਰਸੀਪਲ ਹਰੀ ਓਮ ਨੇ ਮਾਵਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਬਚਪਨ ਦਾ ਸਮਾਂ ਬੱਚਿਆਂ ਲਈ ਬਹੁਤ ਖਾਸ ਹੁੰਦਾ ਹੈ, ਇਸ ਵਿਚ ਉਹ ਜੋ ਕੁਝ ਸਿੱਖਦੇ ਹਨ, ਉਹ ਜ਼ਿੰਦਗੀ ਭਰ ਯਾਦ ਰੱਖਦੇ ਹਨ।ਇਸ ਲਈ ਬੱਚਿਆਂ ਨੂੰ ਚੰਗੀਆਂ ਯਾਦਾਂ ਬਣਾਓ ਅਤੇ ਅਨੁਸ਼ਾਸਨ, ਚੰਗੇ ਵਿਚਾਰ ਸਿਖਾਓ ਤਾਂ ਜੋ ਉਹ ਜੀਵਨ ਵਿੱਚ ਉਨ੍ਹਾਂ ਤੋਂ ਪ੍ਰੇਰਿਤ ਹੋ ਸਕੇ।

DIPS INSTITUTIONS
CHAIN OF DIPS INSTITUTIONS
KNOWLEDGE IS POWER
DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com ( dipsimt@gmail.com )
CONTACT : 95010-00697 , 97806-00998